# ਅੰਮ੍ਰਿਤ ਰਸ ਬਾਣੀ
# ਸ੍ਰੀ ਗੁਰੂ ਰਵਿਦਾਸ ਜੀ

ਸਟੀਕ {ਪੰਜਾਬੀ}

ਜੇਕਰ ਕੋਈ ਸਭਾ ਜਾਂ ਵਿਅਕਤੀ ਇਸ ਸਟੀਕ ਨੂੰ ਮੁਫ਼ਤ ਜਾਂ ਲਾਗਤ ਕੀਮਤ 'ਤੇ ਵੰਡਣ ਲਈ ਆਪਣੇ ਨਾਂਅ ਹੇਠ ਛਪਵਾਉਣਾ ਚਾਹੁੰਦੇ ਹਨ ਤਾਂ ਸੰਸਥਾ ਨਾਲ ਹੇਠ ਲਿਖੇ ਪਤੇ 'ਤੇ ਸੰਪਰਕ ਕਰੋ ਜੀ।

ਪ੍ਰਕਾਸ਼ਕ :
**ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)**
ਪਿੰਡ ਬਿਨਪਾਲਕੇ, ਨੇੜੇ ਭੋਗਪੁਰ, ਜ਼ਿਲ੍ਹਾ ਜਲੰਧਰ-144201

**Print Code 07**

# Amrit Ras Bani

## Sri Guru Ravidass Ji Satik {Punjabi}

**Charanjit Singh Binpalke**

© ਸਾਰੇ ਹੱਥ ਸੰਸਥਾਂ ਦੇ ਰਾਖਵੇਂ ਹਨ

ਦੂਜੀ ਵਾਰ : 8 ਅਕਤੂਬਰ, 2014 (ਗਿਣਤੀ 2000)
ਤੀਜੀ ਵਾਰ : 14 ਜੂਨ 2022
ਸਤਿਗੁਰੂ ਕਬੀਰ ਜੀ ਦੇ ਪ੍ਰਕਾਸ਼ ਪੁਰਬ ਤੇ (ਗਿਣਤੀ 1000)

ਭੇਟਾ : 60 ਰੁਪਏ

ਪ੍ਰਕਾਸ਼ਕ : ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)
ਪਿੰਡ ਬਿਨਪਾਲਕੇ, ਨੇੜੇ ਭੋਗਪੁਰ, ਜ਼ਿਲ੍ਹਾ ਜਲੰਧਰ-144201
ਮੋਬਾਇਲ - 98148-39944, 98725-88620
PDF Available on www.begumpuramission.com

ਛਾਪਕ ਅਤੇ ਕੰਪਿਊਟਰ ਡਿਜ਼ਾਈਨਿੰਗ :
ਵਾਲੀਆ ਪੇਪਰ ਐਂਡ ਸਟੇਸ਼ਨਰਜ਼, ਜਲੰਧਰ
98153-78692



## ਤਤਕਰਾ


| ਸ਼ਬਦ ਨੰ. | ਵੇਰਵਾ | ਪੰਨਾ |
|---|---|---|
| | **ਦੋ ਸ਼ਬਦ** | 6 |
| | **੧ ਰਾਗੁ ਸਿਰੀਰਾਗੁ** | |
| 1. | ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥ | 16 |
| | **੨ ਰਾਗੁ ਗਉੜੀ** | |
| 2. | ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ ॥ | 17 |
| 3. | ਬੇਗਮ ਪੁਰਾ ਸਹਰ ਕੋ ਨਾਉ ॥ | 19 |
| 4. | ਘਟ ਅਵਘਟ ਡੂਗਰ ਘਣਾ... | 21 |
| 5. | ਕੂਪ ਭਰਿਓ ਜੈਸੇ ਦਾਦਿਰਾ... | 23 |
| 6. | ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥ | 25 |
| | **੩ ਰਾਗੁ ਆਸਾ** | |
| 7. | ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ... | 30 |
| 8. | ਸੰਤ ਤੁਝੀ ਤਨੁ ਸੰਗਤਿ ਪ੍ਰਾਨ ॥ | 33 |
| 9. | ਤੁਮ ਚੰਦਨ ਹਮ ਇਰੰਡ ਬਾਪੁਰੇ... | 35 |
| 10. | ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥ | 37 |
| 11. | ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ ॥ | 39 |
| 12. | ਮਾਟੀ ਕੋ ਪੁਤਰਾ ਕੈਸੇ ਨਚਤੁ ਹੈ ॥ | 39 |
| | **੪ ਰਾਗੁ ਗੂਜਰੀ** | |
| 13. | ਦੂਧੁ ਤ ਬਛਰੈ ਥਨਹੁ ਬਿਟਾਰਿਓ ॥ | 41 |

| | | |
|---|---|---|
| | **੫ ਰਾਗੁ ਸੋਰਠਿ** | |
| 14. | ਜਬ ਹਮ ਹੋਤੇ ਤਬ ਤੂ ਨਾਹੀ... | 43 |
| 15. | ਜਉ ਹਮ ਬਾਂਧੇ ਮੋਹ ਫਾਸ... | 46 |
| 16. | ਦੂਲਭ ਜਨਮੁ ਪੁੰਨ ਫਲ ਪਾਇਓ | 48 |
| 17. | ਸੁਖ ਸਾਗਰੁ ਸੁਰਤਰ ਚਿੰਤਾਮਨਿ... | 50 |
| 18. | ਜਉ ਤੁਮ ਗਿਰਿਵਰ ਤਉ ਹਮ ਮੋਰਾ॥ | 52 |
| 19. | ਜਲ ਕੀ ਭੀਤਿ ਪਵਨ ਕਾ ਥੰਭਾ... | 54 |
| 20. | ਚਮਰਟਾ ਗਾਂਠਿ ਨ ਜਨਈ॥ | 56 |
| | **੬ ਰਾਗੁ ਧਨਾਸਰੀ** | |
| 21. | ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ... | 58 |
| 22. | ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ... | 59 |
| 23. | ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥ | 61 |
| | **੭ ਰਾਗੁ ਜੈਤਸਰੀ** | |
| 24. | ਨਾਥ ਕਛੂਅ ਨ ਜਾਨਉ॥ | 64 |
| | **੮ ਰਾਗੁ ਸੂਹੀ** | |
| 25. | ਸਹ ਕੀ ਸਾਰ ਸੁਹਾਗਨਿ ਜਾਨੈ॥ | 67 |
| 26. | ਜੋ ਦਿਨ ਆਵਹਿ ਸੋ ਦਿਨ ਜਾਹੀ॥ | 69 |
| 27. | ਊਚੇ ਮੰਦਰ ਸਾਲ ਰਸੋਈ॥ | 71 |
| | **੯ ਰਾਗੁ ਬਿਲਾਵਲੁ** | |
| 28. | ਦਾਰਿਦੁ ਦੇਖਿ ਸਭ ਕੋ ਹਸੈ... | 73 |





| | | |
|---|---|---|
| 29. | ਜਿਹ ਕੁਲ ਸਾਧੁ ਬੈਸਨੌ ਹੋਇ॥ | 74 |
| | **੧੦ ਰਾਗੁ ਗੋਂਡ** | |
| 30. | ਮੁਕੰਦ ਮੁਕੰਦ ਜਪਹੁ ਸੰਸਾਰ॥ | 77 |
| 31. | ਜੇ ਓਹੁ ਅਠਸਠਿ ਤੀਰਥ ਨਾਵੈ॥ | 79 |
| | **੧੧ ਰਾਗੁ ਰਾਮਕਲੀ** | |
| 32. | ਪੜੀਐ ਗੁਨੀਐ ਨਾਮੁ ਸਭੁ ਸੁਨੀਐ... | 82 |
| | **੧੨ ਰਾਗੁ ਮਾਰੂ** | |
| 33. | ਐਸੀ ਲਾਲ ਤੁਝ ਬਿਨੁ ਕਉਨੁ ਕਰੈ॥ | 84 |
| 34. | ਸੁਖ ਸਾਗਰ ਸੁਰਿਤਰੁ ਚਿੰਤਾਮਨਿ... | 86 |
| | **੧੩ ਰਾਗੁ ਕੇਦਾਰਾ** | |
| 35. | ਖਟੁ ਕਰਮ ਕੁਲ ਸੰਜੁਗਤੁ ਹੈ... | 88 |
| | **੧੪ ਰਾਗੁ ਭੈਰਉ** | |
| 36. | ਬਿਨੁ ਦੇਖੇ ਉਪਜੈ ਨਹੀ ਆਸਾ॥ | 90 |
| | **੧੫ ਰਾਗੁ ਬਸੰਤੁ** | |
| 37. | ਤੁਝਹਿ ਸੁਝੰਤਾ ਕਛੂ ਨਾਹਿ॥ | 93 |
| | **੧੬ ਰਾਗੁ ਮਲਾਰ** | |
| 38. | ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥ | 96 |
| 39. | ਹਰਿ ਜਪਤ ਤੇਊ ਜਨਾ ਪਦਮ ਕਵਲਾਸ ਪਤਿ... | 98 |
| 40. | ਮਿਲਤ ਪਿਆਰੋ ਪ੍ਰਾਨ ਨਾਥੁ... | 101 |
| * | ਸਲੋਕ | 103 |

# ਦੋ ਸ਼ਬਦ

**ਲੋਗੁ ਜਾਨੈ ਇਹੁ ਗੀਤੁ ਹੈ.....**

ਤੁਹਾਡੇ ਹੱਥਾਂ ਵਿਚ ਅੰਮ੍ਰਿਤ ਰਸ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਸਟੀਕ (ਪੰਜਾਬੀ) ਹੈ। ਇਸ ਵਿੱਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 16 ਰਾਗਾਂ ਵਿੱਚ ਅੰਕਿਤ 40 ਸ਼ਬਦ ਅਤੇ 1 ਸਲੋਕ ਵਿਆਖਿਆ ਸਹਿਤ ਦਰਜ ਕੀਤੇ ਗਏ ਹਨ।

ਇਕ ਸਾਧਾਰਨ ਮਨੁੱਖ ਦੇ ਬੋਲੇ ਕੌੜੇ ਬੋਲ ਜਾਂ ਸ਼ਬਦ ਦੂਸਰੇ ਸ਼ਾਂਤ ਚਿੱਤ ਮਨੁੱਖ ਦੇ ਹਿਰਦੇ ਵਿਚ ਅੱਗ ਦੇ ਭਾਂਬੜ ਮਚਾ ਸਕਦੇ ਹਨ। ਪਰ ਇਸ ਦੇ ਉਲਟ ਗੁੱਸੇ ਵਿਚ ਅੱਗ ਬਬੂਲਾ ਹੋਏ ਮਨੁੱਖ ਨੂੰ ਬੋਲੇ ਗਏ ਮਿੱਠੇ ਬੋਲ ਉਸ ਨੂੰ ਪਾਣੀ ਦੀ ਤਰ੍ਹਾਂ ਸ਼ਾਂਤ ਵੀ ਕਰ ਸਕਦੇ ਹਨ ਪਰ ਇਹੀ ਸ਼ਬਦ, ਬਾਣੀ ਜਾਂ ਬੋਲ ਜੇਕਰ ਕਿਸੇ ਅਜਿਹੇ ਮਹਾਨ ਵਿਅਕਤੀ ਦੇ ਹੋਣ ਜੋ ਕਿ ਅਕਾਲ ਪੁਰਖ ਦੇ ਨਾਲ ਅਭੇਦ ਹੋਇਆ ਹੋਵੇ, ਜਿਹੜਾ ਸਮੁੱਚੇ ਸੰਸਾਰ ਵਿੱਚ ਸਾਂਝੀਵਾਲਤਾ ਦੇ ਅਧਾਰਿਤ ਬੇਗਮਪੁਰੇ ਦਾ ਸੰਕਲਪ ਦੇਣ ਦੇ ਸਮਰੱਥ ਹੋਵੇ। ਜਿਸ ਨੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਜਿਹੀਆਂ ਕੁਦਰਤੀ ਨਿਆਮਤਾਂ ਨੂੰ ਸੰਜਮ ਵਿੱਚ ਪਰੋਇਆ ਹੋਵੇ ਤਾਂ ਅਜਿਹੇ ਰਹਿਬਰ ਦੇ ਬੋਲ, ਬਾਣੀ ਜਾਂ ਸ਼ਬਦ ਤਪਦੇ ਹਿਰਦਿਆਂ ਨੂੰ ਸ਼ਾਂਤ ਹੀ ਨਹੀਂ ਕਰਦੇ ਸਗੋਂ ਮਨੁੱਖੀ ਹਿਰਦਿਆਂ ਵਿੱਚ ਅੰਧਕਾਰ ਦੇ ਹਨ੍ਹੇਰੇ ਨੂੰ ਚਾਨਣ ਦੇ ਕੇ ਰੁਸ਼ਨਾਉਂਦੇ ਹਨ। ਅਜਿਹੇ ਰਹਿਬਰਾਂ ਦੇ ਵਿਚਾਰ ਇਕ ਨਹੀਂ ਕਰੋੜਾਂ ਅਰਬਾਂ ਲੋਕਾਂ ਦਾ ਜੀਵਨ ਬਦਲ ਦਿੰਦੇ ਹਨ।



ਸੋ ਇਹ ਅੰਮ੍ਰਿਤਮਈ ਪਾਵਨ ਬਾਣੀ, ਪਾਵਨ ਬੋਲ, ਪਾਵਨ ਸ਼ਬਦ ਸਭਨਾਂ ਦੇ ਸਾਂਝੇ ਉਸ ਮਹਾਨ ਰਹਿਬਰ, ਜਗਤ ਗੁਰੂ ਦੇ ਹਨ ਜਿਸ ਨੇ ਪ੍ਰਮਾਤਮਾ ਦੀ ਰਜ਼ਾ ਅਤੇ ਕੁਦਰਤ ਦੇ ਨਿਯਮਾਂ ਅਨੁਸਾਰ ਆਪਣਾ ਜੀਵਨ ਜੀਵਿਆ ਅਤੇ ਸੰਸਾਰ ਦੇ ਲਗਭਗ ਸਾਰੇ ਧਰਮਾਂ ਅਤੇ ਉਨ੍ਹਾਂ ਦੇ ਗ੍ਰੰਥਾਂ ਦਾ ਅਧਿਐਨ ਕੀਤਾ। ਉਨ੍ਹਾਂ ਨੇ ਨਿਰਭਉ ਨਿਰਵੈਰ ਹੋ ਕੇ ਇਨ੍ਹਾਂ ਧਾਰਮਿਕ ਗ੍ਰੰਥਾਂ ਵਿਚ ਮਨੁੱਖਤਾ ਵਿਰੋਧੀ ਵਿਚਾਰਾਂ ਨੂੰ ਰੱਦ ਕਰਦਿਆਂ ਉਨ੍ਹਾਂ ਨੂੰ ਕਲਮਬੱਧ ਵੀ ਕੀਤਾ। ਵੱਡੀ ਗੱਲ ਇਹ ਵੀ ਹੈ ਕਿ ਅਜਿਹੇ ਵਿਚਾਰ ਕਿਸੇ ਇਕ ਰਹਿਬਰ ਦੇ ਨਾ ਹੋ ਕੇ ਬਹੁਤ ਸਾਰੇ ਰਹਿਬਰਾਂ ਦੇ ਵੀ ਹੋ ਗਏ ਅਤੇ ਉਹ ਰਹਿਬਰ ਵੀ ਵੱਖ-ਵੱਖ ਵਰਗਾਂ ਅਤੇ ਵੱਖ-ਵੱਖ ਇਲਾਕਿਆਂ ਵਿੱਚੋਂ ਹਨ। ਇਨ੍ਹਾਂ ਤੋਂ ਬਾਅਦ ਵਿੱਚ ਆਏ ਰਹਿਬਰਾਂ ਨੇ ਵੀ ਬੜੇ ਸਤਿਕਾਰ ਨਾਲ ਇਨ੍ਹਾਂ ਵਿਚਾਰਾਂ ਦੀ ਪ੍ਰੋੜਤਾ ਕੀਤੀ ਹੈ ਅਤੇ ਗੁਰੂ ਸਾਹਿਬ ਦੀ ਬਾਣੀ ਨੂੰ ਆਪਣੇ ਧਾਰਮਿਕ ਗ੍ਰੰਥਾਂ ਵਿਚ ਦਰਜ ਹੀ ਨਹੀਂ ਕੀਤਾ ਸਗੋਂ ਇਨ੍ਹਾਂ ਰਹਿਬਰਾਂ ਦੀ ਉਪਮਾਂ ਵਿਚ ਆਪਣੀ ਬਾਣੀ ਵੀ ਉਚਾਰੀ ਅਤੇ ਆਪਣੀ ਬਾਣੀ ਵਿਚ ਇਨ੍ਹਾਂ ਰਹਿਬਰਾਂ ਦੇ ਨਾਮ ਦਰਜ ਕਰਕੇ ਇਸ ਤੋਂ ਪ੍ਰੇਰਨਾ ਲੈਣ ਦਾ ਹੁਕਮ ਕੀਤਾ। ਅੱਜ ਸਾਰਾ ਸੰਸਾਰ ਇਨ੍ਹਾਂ ਵਿਚਾਰਾਂ ਦਾ ਸਨਮਾਨ ਕਰ ਰਿਹਾ ਹੈ।

ਸਤਿਗੁਰਾਂ ਦੀ ਪਾਵਨ ਬਾਣੀ ਜੋ ਕਿ ਗਿਆਨ ਦਾ ਸੋਮਾ ਹੈ ਇਸ ਗਿਆਨ ਦਾ ਮੁੱਖ ਮਕਸਦ ਮਨੁੱਖਤਾ ਦੇ ਵਿਚਾਰਾਂ ਨੂੰ ਕੁਦਰਤ ਦੇ ਨੇਮਾਂ ਅਨੁਸਾਰ ਪਰਿਵਰਤਿਤ ਕਰਨਾ ਹੈ। ਗੁਰਬਾਣੀ ਦੇ ਪਾਵਨ ਵਿਚਾਰਾਂ ਨੂੰ ਅਪਣਾ ਕੇ ਹੋਇਆ ਪਰਿਵਰਤਨ ਜ਼ਿੰਦਗੀਆਂ ਬਦਲਣ ਦੇ ਸਮਰੱਥ ਹੈ ਪਰ ਇੱਕ ਸੋਚੀ ਸਮਝੀ ਸਾਜ਼ਿਸ਼ ਨਾਲ ਮਨੂਵਾਦ ਨੇ

ਸਾਨੂੰ ਬਾਣੀ ਨੂੰ ਪੜ੍ਹਨ-ਪੜ੍ਹਾਉਣ, ਸੁਣਨ-ਸੁਣਾਉਣ, ਅਤੇ ਗਾਉਣ ਤੱਕ ਹੀ ਸੀਮਤ ਕੀਤਾ ਹੋਇਆ ਹੈ।

ਸਤਿਗੁਰੂ ਕਬੀਰ ਜੀ ਮਹਾਰਾਜ ਆਪਣੇ ਪਾਵਨ ਸ਼ਬਦਾਂ ਵਿਚ ਫੁਰਮਾਉਂਦੇ ਹਨ, "**ਲੋਗੁ ਜਾਨੈ ਇਹੁ ਗੀਤੁ ਹੈ, ਇਹੁ ਤਉ ਬ੍ਰਹਮ ਬਿਚਾਰ**" ਭਾਵ ਕੁਝ ਲੋਕ ਸਮਝਦੇ ਹਨ ਕਿ ਇਹ ਪਾਵਨ ਬਾਣੀ ਕੇਵਲ ਪੜ੍ਹਨ, ਸੁਣਨ ਜਾਂ ਗਾਉਣ ਲਈ ਹੈ। ਨਹੀਂ ਭਾਈ! ਇਹ ਤਾਂ ਪੜ੍ਹ ਕੇ, ਸੁਣ ਕੇ ਅਮਲ ਵਿੱਚ ਲਿਆਉਣ ਲਈ ਹੈ ਕਿਉਂਕਿ ਇਹ ਤਾਂ ਪਾਰਬ੍ਰਹਮ ਪ੍ਰਮਾਤਮਾ ਦਾ ਵਿਚਾਰ ਹੈ, ਉਸ ਦਾ ਹੁਕਮ ਹੈ। ਇਸੇ ਕਰਕੇ ਸਤਿਗੁਰਾਂ ਨੇ ਕਿਹਾ ਕਿ, "**ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥**" ਅਤੇ , "**ਜੈਸੀ ਮੈ ਆਵੈ ਖਸਮ ਕੀ ਬਾਣੀ, ਤੈਸੜਾ ਕਰੀ ਗਿਆਨੁ ਵੇ ਲਾਲੋ॥**"

ਮੰਨ ਲਓ ਜੇਕਰ ਅਸੀਂ ਸਵੇਰੇ ਕਿਸੇ ਭੁੱਖੇ ਨੂੰ ਲੰਗਰ ਛਕਾ ਕੇ ਉਸ ਦੀ ਸਹਾਇਤਾ ਕੀਤੀ ਤਾਂ ਸ਼ਾਮ ਨੂੰ ਉਸ ਨੂੰ ਫਿਰ ਭੁੱਖ ਲੱਗ ਜਾਣੀ ਹੈ ਤਾਂ ਉਸ ਵੇਲੇ ਉਹ ਲੰਗਰ ਕਿੱਥੋਂ ਛਕੇਗਾ? ਜੇਕਰ ਅਸੀਂ ਕਿਸੇ ਗਰੀਬ ਦੀ ਪੈਸੇ ਧੇਲੇ ਨਾਲ ਮਦਦ ਕਰੀਏ ਤਾਂ ਇਕ ਹਫ਼ਤਾ, ਇਕ ਮਹੀਨਾ ਚਾਰ ਮਹੀਨੇ ਵਿੱਚ ਉਹ ਪੈਸੇ ਖਰਚ ਲਵੇਗਾ ਤੇ ਫਿਰ ਗਰੀਬ ਹੋ ਜਾਵੇਗਾ। ਪ੍ਰੰਤੂ ਜੇਕਰ ਅਸੀਂ ਉਸ ਨੂੰ ਚੰਗੇ ਅਤੇ ਜ਼ਰੂਰਤ ਵਾਲੇ ਵਿਚਾਰਾਂ ਦੀ ਮੱਦਦ ਦੇਈਏ ਜਾਂ ਉਨ੍ਹਾਂ ਵਿਚਾਰਾਂ ਨੂੰ ਅਮਲ ਵਿੱਚ ਲਿਆਉਣ ਲਈ ਉਸ ਦੀ ਮੱਦਦ ਕਰੀਏ ਤਾਂ ਉਹ ਉਨ੍ਹਾਂ ਵਿਚਾਰਾਂ ਨੂੰ ਅਮਲ ਵਿੱਚ ਲਿਆ ਕੇ ਖ਼ੁਦ ਤਾਂ ਲਾਹੇਵੰਦ ਹੋਵੇਗਾ ਬਲਕਿ ਉਹ ਹੋਰਾਂ ਨੂੰ ਵੀ ਲਾਹੇਵੰਦ ਕਰਨ ਦੇ ਸਮਰੱਥ ਹੋ ਜਾਵੇਗਾ। ਗੁਰੂ ਜੀ ਦੀ ਬਾਣੀ ਅਤੇ ਉਨ੍ਹਾਂ ਦੇ ਵਿਚਾਰਾਂ ਨੂੰ ਲੋਕਾਈ ਤੱਕ



ਪਹੁੰਚਾਉਣ ਦੀ ਇਹ ਵਡਮੁੱਲੀ ਸੇਵਾ ਕੀਤੀ ਜਾਂਦੀ ਹੈ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.) ਬਿਨਪਾਲਕੇ, ਜ਼ਿਲ੍ਹਾ ਜਲੰਧਰ ਵੱਲੋਂ ਜੋ ਵੱਡੀ ਗਿਣਤੀ ਵਿਚ ਸਤਿਗੁਰੂ ਰਵਿਦਾਸ, ਸਤਿਗੁਰੂ ਨਾਮਦੇਵ, ਸਤਿਗੁਰੂ ਕਬੀਰ ਜੀ ਦੀ ਬਾਣੀ ਦੇ ਗੁਟਕਾ ਸਾਹਿਬ ਵਿਆਖਿਆ ਸਹਿਤ ਪ੍ਰਕਾਸ਼ਿਤ ਕਰਕੇ ਸੰਗਤਾਂ ਨੂੰ ਭੇਟ ਕਰਦੇ ਹਨ। ਗੁਰੂ ਜੀ ਦੇ ਇਸ ਪਾਵਨ ਗੁਟਕਾ ਸਾਹਿਬ ਜੋ ਤੁਹਾਡੇ ਹੱਥਾਂ ਵਿੱਚ ਹੈ ਇਸ ਦੀ ਵਿਲੱਖਣਤਾ ਇਹ ਹੈ ਕਿ ਇਸ ਵਿਚ ਦੋ ਪੰਕਤੀਆਂ ਬਾਣੀ ਦੀਆਂ ਦੇ ਕੇ ਹੇਠਾਂ ਉਨ੍ਹਾਂ ਦੀ ਵਿਆਖਿਆ ਕੀਤੀ ਗਈ ਹੈ। ਪਾਵਨ ਬਾਣੀ ਦੇ ਅੱਖਰ ਵੱਡੇ ਕੀਤੇ ਗਏ ਹਨ ਅਤੇ ਵਿਆਖਿਆ ਛੋਟੇ ਅੱਖਰ ਛੋਟੇ ਗਏ ਹਨ ਤਾਂ ਕਿ ਜਿਸ ਗੁਰੂ ਸੇਵਕ ਨੇ ਬਾਣੀ ਦਾ ਕੇਵਲ ਪਾਠ ਕਰਨਾ ਹੋਵੇ ਉਸ ਨੂੰ ਪਾਠ ਕਰਨ ਵਿੱਚ ਆਸਾਨੀ ਰਹੇ। ਬਾਣੀ ਵਿਚ ਆਏ ਅਰਧ ਵਿਸ਼ਰਾਮ ਨੂੰ ਸਮਝਣ ਲਈ ਬਾਣੀ ਦੀ ਪੰਕਤੀ ਵਿਚ ਜਿਥੇ-ਜਿਥੇ ਅਰਧ ਵਿਸ਼ਰਾਮ ਆਇਆ ਹੈ ਉਥੇ ਜਾਂ ਤਾਂ ਨਵੀਂ ਲਾਈਨ ਬਣਾਈ ਹੈ ਜਾਂ ਥੋੜ੍ਹਾ ਵੱਧ ਸਪੇਸ ਦਿੱਤੀ ਗਈ ਹੈ। ਬਾਣੀ ਨਾਲ ਵਿਆਖਿਆ ਦੇਣ ਦਾ ਮਹੱਤਵ ਇਹ ਵੀ ਹੈ ਕਿ ਹੁਣ ਅਸੀਂ ਆਪਣੇ ਗੁਰੂ ਘਰਾਂ ਵਿਚ ਸਵੇਰੇ ਸ਼ਾਮ ਸਪੀਕਰ ਵਿੱਚ ਬਾਣੀ ਸਰਵਣ ਕਰਾਉਣ ਦੇ ਨਾਲ-ਨਾਲ ਵਿਆਖਿਆ ਵੀ ਸਰਵਣ ਕਰਾ ਸਕਦੇ ਹਾਂ। ਵਿਆਖਿਆ ਦੇਣ ਦਾ ਮਕਸਦ ਇਹ ਵੀ ਹੈ ਕਿ ਜਿਹੜੇ ਸੇਵਕ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਵਿਚਾਰਧਾਰਾ ਅਤੇ ਜੀਵਨ ਇਤਿਹਾਸ ਤੋਂ ਅਨਜਾਣ ਹਨ ਉਹ ਜਦ ਇਸ ਮਹਾਨ ਬਾਣੀ ਅਤੇ ਸਟੀਕ ਨੂੰ ਪੜ੍ਹਨਗੇ ਉਨ੍ਹਾਂ ਦੇ ਮਨ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਬਤ ਹੋਰ ਜਾਨਣ ਦੀ

ਤਾਂਘ ਪੈਦਾ ਹੋਵੇਗੀ। ਫਿਰ ਉਹ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਹੋਰ ਪੁਸਤਕਾਂ ਲੈ ਕੇ ਪੜ੍ਹਨ ਦਾ ਯਤਨ ਕਰਨਗੇ। ਜੇਕਰ ਤੁਸੀਂ ਇਸ ਨੂੰ ਆਪ ਪੜ੍ਹ ਕੇ, ਸਮਝ ਕੇ ਅਤੇ ਕਿਸੇ ਹੋਰ ਵਿਅਕਤੀਦੇ ਮਨ ਵਿੱਚ ਅਜਿਹੀ ਤਾਂਘ ਜਗਾ ਦੇਵੋ ਤਾਂ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਦੇ ਪ੍ਰਚਾਰ ਹਿੱਤ ਤੁਹਾਡਾ ਕੀਤਾ ਇਹ ਉੱਦਮ ਸਫਲ ਸਾਬਿਤ ਹੋਵੇਗਾ।

ਇਹ ਪਾਵਨ ਗੁਟਕਾ ਸਾਹਿਬ (ਸਟੀਕ) ਸਤਿਗੁਰੂ ਕਬੀਰ ਜੀ ਮਹਾਰਾਜ ਦੇ ਪ੍ਰਗਟ ਦਿਵਸ 14 ਜੂਨ 2022 ਤੇ ਸੰਗਤਾਂ ਨੂੰ ਭੇਂਟ ਕੀਤਾ ਜਾ ਰਿਹਾ ਹੈ। ਸਤਿਗੁਰੂ ਕਬੀਰ ਜੀ ਦੇ ਪ੍ਰਕਾਸ਼ ਦਿਵਸ ਦੀਆਂ ਮੈਂ ਸਾਰੀਆਂ ਸੰਗਤਾਂ ਨੂੰ ਲੱਖ-ਲੱਖ ਵਧਾਈ ਦਿੰਦਾ ਹਾਂ।

ਗੁਰੂ ਸਾਹਿਬਾਨਾਂ ਦੀ ਪਾਵਨ ਬਾਣੀ ਦੇ ਗੁਟਕਾ ਸਾਹਿਬ ਦੇ ਪ੍ਰਕਾਸ਼ਨ ਦਾ ਇਹ ਕਾਰਜ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ ਰਜਿ. ਦੇ ਜਨਰਲ ਸਕੱਤਰ ਚਰਨਜੀਤ ਸਿੰਘ ਬਿਨਪਾਲਕੇ ਬੜੀ ਸ਼ਰਧਾ, ਲਗਨਅਤੇ ਸਤਿਕਾਰ ਨਾਲ ਕਰਦੇ ਹਨ। ਮੈਂ ਗੁਰੂ ਸਹਿਬ ਦੇ ਚਰਨਾਂ ਵਿਚ ਇਹ ਅਰਦਾਸ ਕਰਦਾ ਹਾਂ ਕਿ ਚਰਨਜੀਤ ਬਿਨਪਾਲਕੇ ਅਤੇ ਉਨ੍ਹਾਂ ਦੇ ਪਰਿਵਾਰ ਦੇ ਸਿਰ ਤੇ ਗੁਰੂ ਸਾਹਿਬ ਆਪਣਾ ਮਿਹਰਾਂ ਭਰਿਆ ਹੱਥ ਰੱਖਣ।

11 ਜੂਨ 2022

**ਪ੍ਰੇਮ ਕੁਮਾਰ ਚੁੰਬਰ**
**ਮੁੱਖ ਸੰਪਾਦਕ**
**ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ**
**ਕੈਲੀਫੋਰਨੀਆ (ਅਮਰੀਕਾ)**
**www.ambedkartimes.com**



## ਅੰਮ੍ਰਿਤ ਰਸ ਬਾਣੀ ਸਬੰਧੀ ਬੇਨਤੀ

ਇਸ ਪਾਵਨ ਸਟੀਕ ਸਾਹਿਬ ਵਿਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿਚ ਦਰਜ 40 ਸ਼ਬਦ ਅਤੇ 1 ਸਲੋਕ ਦੀ ਸੰਖੇਪ ਵਿਆਖਿਆ ਦਿੱਤੀ ਗਈ ਹੈ।

ਦੋ ਪੰਕਤੀਆਂ ਸ਼ਬਦ ਦੀਆਂ ਦੇ ਕੇ ਉਸ ਦੇ ਹੇਠਾਂ ਹੀ ਉਹਨਾਂ ਪੰਕਤੀਆਂ ਦੀ ਸੰਖੇਪ ਵਿਆਖਿਆ ਕੀਤੀ ਗਈ ਹੈ। ਇਸ ਨਾਲ ਪਾਠਕ ਨੂੰ ਸ਼ਬਦ ਦੇ ਭਾਵ ਅਰਥ ਸਮਝਣ ਵਿਚ ਅਸਾਨੀ ਹੋਵੇਗੀ। ਇਸ ਨਾਲ ਪ੍ਰਚਾਰ ਦੇ ਮੰਤਵ ਲਈ ਸੰਗਤ ਨੂੰ ਬਾਣੀ ਦੇ ਭਾਵ ਅਰਥ ਸੁਣਾਉਣ ਵਿਚ ਵੀ ਸੌਖ ਹੋਵੇਗੀ। ਛੋਟੀ ਕਲਾਸ ਵਿਚ ਪੜ੍ਹਦਾ ਬੱਚਾ ਵੀ ਇਹ ਬਾਣੀ ਤੇ ਭਾਵ ਅਰਥ ਸੁਣਾ ਸਕਦਾ ਹੈ।

**ਅੰਮ੍ਰਿਤ ਰਸ ਬਾਣੀ ਦਾ ਨਿਤਨੇਮ** - ਸਵੇਰੇ ਅੰਮ੍ਰਿਤ ਵੇਲੇ ਅਤੇ ਸ਼ਾਮ ਨੂੰ ਇਸ਼ਨਾਨ ਕਰਕੇ ਜਾਂ ਹੱਥ-ਮੂੰਹ ਧੋ ਕੇ ਇਸ ਪਾਵਨ ਬਾਣੀ 'ਚੋਂ ਉੱਚੀ ਆਵਾਜ਼ ਵਿਚ ਸ਼ਬਦ ਪੜ੍ਹੋ। ਆਪਣੀ ਸ਼ਰਧਾ ਤੇ ਸਮੇਂ ਅਨੁਸਾਰ ਪੰਜ ਜਾਂ ਗਿਆਰਾਂ ਜਾਂ ਸਾਰੇ ਹੀ ਸ਼ਬਦ ਪੜ੍ਹੇ ਜਾ ਸਕਦੇ ਹਨ। ਸ਼ਬਦ ਪੜ੍ਹਨ ਤੋਂ ਬਾਅਦ ਸਤਿਨਾਮ ਦਾ ਸਿਮਰਨ ਕਰੋ ਤੇ ਫਿਰ ਅਰਦਾਸ ਕਰੋ। ਇਹ ਨਿਤਨੇਮ ਹਰ ਰੋਜ਼ ਨਿਯਤ ਸਮੇਂ 'ਤੇ ਹੀ ਕਰੋ।

**ਇਹ ਸਟੀਕ ਸਾਹਿਬ ਤੁਹਾਡੇ ਵੱਲੋਂ ਵੀ ਛਪ ਸਕਦਾ ਹੈ :** - ਤੁਸੀਂ ਇਸ ਵਿਚ ਆਪਣੇ ਨਗਰ ਦੇ ਗੁਰੂ ਘਰ ਦੀ ਫੋਟੋ ਤੇ ਜਾਣਕਾਰੀ, ਪਿੰਡ ਜਾਂ ਤੁਹਾਡੀ ਧਾਰਮਿਕ ਸੰਸਥਾ ਦੀ ਜਾਣਕਾਰੀ ਅਤੇ ਗਤੀਵਿਧੀਆਂ ਪ੍ਰਕਾਸ਼ਿਤ ਕਰਵਾ ਕੇ ਸੰਗਤਾਂ ਨੂੰ ਆਪਣੇ ਵਲੋਂ ਭੇਟ ਕਰ ਸਕਦੇ ਹੋ। ਭੇਟਾ 60/- **ਪ੍ਰਤੀ ਕਾਪੀ**

**ਸੰਪਰਕ ਕਰੋ** - 62849-38848

## ਗੁਰਬਾਣੀ ਮਹਾਂ ਪ੍ਰਚਾਰ ਦੇ ਪ੍ਰਚਾਰਕ ਦਾਨੀ ਸੱਜਣਾ ਦਾ ਧੰਨਵਾਦ

ਗਿਆਨ ਦਾ ਦਾਨ ਬਹੁਤ ਉੱਤਮ ਗਿਆਨ ਹੈ ਪਰ ਉਦੋਂ ਇਹ ਹੋਰ ਵੀ ਉੱਤਮ ਹੋ ਜਾਂਦਾ ਹੈ ਜਦੋਂ ਇਹ ਗੁਰੂ ਸਾਹਿਬਾਨਾਂ ਦੀ ਬਾਣੀ ਦੇ ਗਿਆਨ ਦੇ ਪ੍ਰਚਾਰ ਦਾ ਦਾਨ ਹੋਵੇ। ਜਿਸ ਨੂੰ ਵੀ ਇਹ ਗਿਆਨ ਦਾ ਦਾਨ ਦਿੱਤਾ ਜਾਂਦਾ ਹੈ ਉਸ ਦਾ ਇਹ ਗਿਆਨ ਕਦੇ ਵੀ ਖਤਮ ਨਹੀਂ ਹੁੰਦਾ ਭਾਵੇਂ ਉਹ ਇਸ ਨੂੰ ਜਿੰਨਾ ਮਰਜ਼ੀ ਵਰਤ ਲਵੇ, ਇਸ ਵਿਚ ਸਗੋਂ ਵਾਧਾ ਹੀ ਹੋਵੇਗਾ ਇਥੋਂ ਤੱਕ ਕਿ ਉਹ ਆਪ ਹੀ ਗਿਆਨ ਦਾ ਦਾਨੀ ਬਣ ਜਾਂਦਾ ਹੈ। ਇਕ ਜਗਦੇ ਹੋਏ ਦੀਵੇ ਨਾਲ ਅਸੀਂ ਹੋਰ ਅਣਗਿਣਤ ਦੀਵੇ ਜਗਾ ਸਕਦੇ ਹਾਂ। ਅਸਲ ਵਿਚ ਗਰੀਬੀ, ਭੁੱਖਮਰੀ ਅਤੇ ਗੁਲਾਮੀ ਆਦਿ ਦੀ ਜੜ੍ਹ ਅਗਿਆਨਤਾ ਹੀ ਹੈ।

ਸਤਿਗੁਰੂ ਰਵਿਦਾਸ ਜੀ ਦੀ ਅੰਮ੍ਰਿਤ ਰਸ ਬਾਣੀ ਜਿੱਥੇ ਮਨੁੱਖਤਾ ਨੂੰ ਪਾਰਬ੍ਰਹਮ ਨਾਲ ਜੋੜਦੀ ਹੈ ਉਥੇ ਮਨੁੱਖ ਦਾ ਸਮਾਜਿਕ, ਆਰਥਿਕ ਜੀਵਨ ਪੱਧਰ ਵੀ ਉੱਚਾ, ਖੁਸ਼ਹਾਲ ਅਤੇ ਸਨਮਾਨਜਨਕ ਬਣਾਉਂਦੀ ਹੈ। ਜੋ ਮਨੁੱਖ ਸ੍ਰੀ ਗੁਰੂ ਰਵਿਦਾਸ ਵਿਚਾਰਧਾਰਾ ਦਾ ਧਾਰਨੀ ਹੈ। ਦੁਨੀਆ ਦੀ ਕੋਈ ਸ਼ਕਤੀ ਉਸ ਨੂੰ ਤਰੱਕੀ ਕਰਨ ਤੋਂ ਰੋਕ ਨਹੀਂ ਸਕਦੀ। ਸੋ ਧੰਨ ਹਨ ਉਹ ਦਾਨੀ ਸੱਜਣ ਜਿਨ੍ਹਾਂ ਨੇ ਗੁਰੂ ਰਵਿਦਾਸ ਬਾਣੀ ਦੇ ਇਸ ਸਟੀਕ ਸਾਹਿਬ ਨੂੰ ਛਪਵਾਉਣ ਵਿਚ ਆਪਣੇ ਧਨ ਦਾ ਯੋਗਦਾਨ ਪਾਇਆ ਹੈ। ਸੰਸਥਾ ਧੰਨਵਾਦੀ ਹੈ ਸ੍ਰੀ ਪ੍ਰੇਮ ਚੁੰਬਰ



ਮੁੱਖ ਸੰਪਾਦਕ ਦੇਸ਼ ਦੁਆਬਾ ਅਤੇ ਅੰਬੇਦਕਰ ਟਾਈਮਜ਼, ਕੈਲੇਫੋਰਨੀਆਂ ਯੂ.ਕੇ. ਦਾ ਜਿਨ੍ਹਾਂ ਨੇ ਇਸ ਸਟੀਕ ਸਾਹਿਬ ਨੂੰ ਪੜ੍ਹਿਆ, ਸਾਨੂੰ ਆਪਣੇ ਕੀਮਤੀ ਸੁਝਾਅ ਦਿੱਤੇ, ਇਸ ਸਟੀਕ ਸਾਹਿਬ ਦਾ ਮੁੱਖ ਬੰਦ ਲਿਖਿਆ ਅਤੇ ਆਰਥਿਕ ਸਹਿਯੋਗ ਵੀ ਦਿੱਤਾ। ਸੰਸਥਾ ਵੱਲੋਂ ਗੁਰੂ ਰਵਿਦਾਸ ਬਾਣੀ ਦਾ ਹਿੰਦੀ ਭਾਸ਼ਾ ਵਿਚ ਵੀ ਵਿਆਖਿਆ ਸਹਿਤ ਗੁਟਕਾ ਸਾਹਿਬ ਪ੍ਰਕਾਸ਼ਿਤ ਕੀਤਾ ਹੋਇਆ ਹੈ। ਜਿਸ ਤੋਂ ਪੰਜਾਬ ਤੋਂ ਬਾਹਰਲੀਆਂ ਸੰਗਤਾਂ ਲਾਹਾ ਲੈ ਰਹੀਆਂ ਹਨ। ਉਮੀਦ ਹੈ ਕਿ ਚੁੰਬਰ ਸਾਹਿਬ ਦੇ ਵਾਂਗ ਹੋਰ ਵੀ ਦਾਨੀ ਸੱਜਣ ਇਹ ਹਿੰਦੀ ਅਤੇ ਪੰਜਾਬੀ ਗੁਟਕਾ ਸਾਹਿਬ ਸੰਗਤਾਂ ਨੂੰ ਭੇਟਾ ਕਰਕੇ ਗੁਰਬਾਣੀ ਦੇ ਇਸ ਮਹਾਂ ਪ੍ਰਚਾਰ ਅਭਿਆਨ ਵਿਚ ਆਪਣਾ ਯੋਗਦਾਨ ਪਾਉਂਦੇ ਰਹਿਣਗੇ। ਧੰਨਵਾਦ ਹੈ ਸ੍ਰੀ ਬਖਸ਼ੀ ਰਾਮ ਦਰਾਵਾਂ ਦਾ ਜਿਨ੍ਹਾਂ ਨੇ ਬਾਣੀ ਦੇ ਪਰੂਫ ਰੀਡਿੰਗ ਦਾ ਕੰਮ 6-7 ਵਾਰ ਕੀਤਾ ਤਾਂ ਕਿ ਇਸ ਵਿਚ ਕੋਈ ਗਲਤੀ ਦੀ ਗੁੰਜਾਇਸ਼ ਨਾ ਰਹੇ। ਇਨ੍ਹਾਂ ਵਿਚਾਰਕ ਅਤੇ ਆਰਥਿਕ ਦਾਨੀ ਸੱਜਣਾਂ ਤੇ ਸਾਨੂੰ ਬਹੁਤ ਮਾਣ ਹੈ।

**ਚਰਨਜੀਤ ਸਿੰਘ ਬਿਨਪਾਲਕੇ ਜਨਰਲ ਸਕੱਤਰ**
**ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ:)**
**ਪਿੰਡ ਬਿਨਪਾਲਕੇ ਭੋਗਪੁਰ, ਜ਼ਿਲ੍ਹਾ ਜਲੰਧਰ।**
**www.begumpuramission.com**

12 ਜੂਨ 2022

**ਮੋਬਾਇਲ** - 98148-39944

# ਖਿਮਾ ਜਾਚਨਾ

ਸ੍ਰੀ ਗੁਰੂ ਰਵਿਦਾਸ ਜੀ ਦੀ ਅਗੰਮੀ, ਅਦੁੱਤੀ, ਉੱਚੀ ਅਤੇ ਸੁੱਚੀ ਅੰਮ੍ਰਿਤਮਈ ਬਾਣੀ ਬਹੁਤ ਮਹਾਨ ਹੈ। ਇਹ ਵਿਸ਼ਵ ਵਿਆਪੀ ਪਾਵਨ ਬਾਣੀ ਸਮੁੱਚੀ ਲੋਕਾਈ ਨੂੰ ਇਕੋ ਇਕ ਸਰਬ ਸਾਂਝੇ ਪਾਰਬ੍ਰਹਮ ਪਰਮਾਤਮਾ ਨਾਲ ਜੋੜਦੀ ਹੈ। ਇਹ ਸਾਰੇ ਸੰਸਾਰ ਵਿੱਚ ਏਕਤਾ, ਸਮਾਨਤਾ, ਸੁਤੰਤਰਤਾ, ਸਾਂਝੀਵਾਲਤਾ ਅਤੇ ਭਾਈਚਾਰਕ ਸਾਂਝ ਸਥਾਪਿਤ ਕਰਨ ਦੇ ਫਲਸਫੇ ਦਾ ਵਡਮੁੱਲਾ ਖਜ਼ਾਨਾ ਹੈ। ਸੋ ਇਸ ਅੰਮ੍ਰਿਤਮਈ ਬਾਣੀ ਦੀ ਵਿਆਖਿਆ ਕਰਦਿਆਂ ਅਨੇਕਾਂ ਹੀ ਭੁੱਲਾਂ, ਖਾਮੀਆਂ, ਤਰੁੱਟੀਆਂ ਰਹਿ ਗਈਆਂ ਹੋਣਗੀਆਂ। ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਅਤੇ ਆਪ ਸਮੁੱਚੀ ਸਾਧ ਸੰਗਤ ਬਖਸ਼ਨਹਾਰੇ ਹੋ, ਹੋਈਆਂ ਭੁੱਲਾਂ ਲਈ ਖਿਮਾਂ ਕਰਨਾ ਜੀ। ਬਾਣੀ ਅਤੇ ਵਿਆਖਿਆ ਨਾਲ-ਨਾਲ ਦੇਣ ਕਾਰਨ ਇਸ ਵਿਆਖਿਆ ਨੂੰ ਸੰਖੇਪ ਰੱਖਿਆ ਗਿਆ ਹੈ ਜੀ। ਆਪ ਜੀ ਨੂੰ ਬੇਨਤੀ ਹੈ ਕਿ ਵਿਆਖਿਆ ਵਿੱਚ ਰਹਿ ਗਈਆਂ ਘਾਟਾਂ ਅਤੇ ਆਪਣੇ ਕੀਮਤੀ ਸੁਝਾਅ ਸਾਨੂੰ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੋ ਤਾਂ ਕਿ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਵਿਚਾਰਧਾਰਾ ਦੇ ਪ੍ਰਚਾਰ ਨੂੰ ਹੋਰ ਵਧੀਆ ਕੀਤਾ ਜਾ ਸਕੇ।

**ਗੁਰੂ ਪੰਥ ਦਾ ਦਾਸ**
**ਚਰਨਜੀਤ ਸਿੰਘ ਬਿਨਪਾਲਕੇ**

ਗੁਰੂ ਸਾਹਿਬਾਨਾਂ ਦੀ ਬਾਣੀ ਤੇ ਵਿਆਖਿਆ, ਵਿਚਾਰਧਾਰਾ, ਜੀਵਨ ਅਤੇ ਇਤਿਹਾਸ ਪੰਜਾਬੀ ਅਤੇ ਹਿੰਦੀ ਵਿਚ ਪੜ੍ਹਨ ਲਈ visit us www.begumpuramission.com
Gutka Sahib PDF is also available on the website.



# ਸੰਸਥਾ ਨੂੰ ਸਹਿਯੋਗ ਦੀ ਬੇਨਤੀ

ਸ੍ਰੀ ਗੁਰੂ ਰਵਿਦਾਸ ਜੀ ਦੇ ਮਿਸ਼ਨ ਪ੍ਰਚਾਰ ਲਈ ਕੀਤੇ ਜਾਂਦੇ ਸਾਰੇ ਕਾਰਜ ਸੰਸਥਾ ਦੇ ਮੈਂਬਰਾਂ ਦੇ ਸਾਲਾਨਾ ਚੰਦੇ, ਕੌਮੀ ਦਰਦਮੰਦਾਂ ਅਤੇ ਗੁਰੂ ਮਿਸ਼ਨ ਪ੍ਰੇਮੀਆਂ ਦੇ ਸਹਿਯੋਗ ਨਾਲ ਹੀ ਨੇਪਰੇ ਚੜ੍ਹਦੇ ਹਨ। ਸੰਸਥਾ ਦੇ ਗੁਰੂ ਸਾਹਿਬਾਨਾਂ ਦੇ ਮਿਸ਼ਨ ਪ੍ਰਚਾਰ ਦੇ ਬਹੁਤ ਸਾਰੇ ਅਜਿਹੇ ਕਾਰਜ ਅਜੇ ਅਧੂਰੇ ਪਏ ਹਨ। ਸੋ ਆਪ ਸਭ ਨੂੰ ਪੁਰਜ਼ੋਰ ਬੇਨਤੀ ਹੈ ਕਿ ਸੰਸਥਾ ਨੂੰ ਵੱਧ ਤੋਂ ਵੱਧ ਆਰਥਿਕ ਮੱਦਦ ਦਿਓ ਤਾਂ ਕਿ ਸ੍ਰੀ ਗੁਰੂ ਰਵਿਦਾਸ ਜੀ ਦੇ ਮਿਸ਼ਨ ਨੂੰ ਜਨ-ਜਨ ਤੱਕ ਪਹੁੰਚਾਇਆ ਜਾ ਸਕੇ। ਇਸ ਵਾਸਤੇ ਤੁਸੀਂ ਮਨੀਆਰਡਰ, ਚੈੱਕ, ਬੈਂਕ ਡਰਾਫਟ ਜਾਂ ਸੰਸਥਾ ਦੇ ਬੈਂਕ ਅਕਾਊਂਟ ਵਿਚ ਸਿੱਧੇ ਹੀ ਸੇਵਾ ਪਾ ਸਕਦੇ ਹੋ। ਹੁਣ ਤਾਂ ਤੁਸੀਂ ਮੋਬਾਇਲ ਫ਼ੋਨ ਵਿਚ ਚਲਾਏ ਜਾ ਰਹੇ ਮਨੀ ਟਰਾਂਸਫਰ ਐਪ ਦੁਆਰਾ ਵੀ ਸੰਸਥਾ ਦੇ ਅਕਾਊਂਟ ਵਿਚ ਪੈਸੇ ਪਾ ਸਕਦੇ ਹੋ। ਇਸ ਤਰੀਕੇ ਨਾਲ ਘੱਟ ਤੋਂ ਘੱਟ ਰਾਸ਼ੀ ਵੀ ਪਾਈ ਜਾ ਸਕਦੀ ਹੈ। ਸੰਸਥਾ ਦੇ ਬੈਂਕ ਅਕਾਊਂਟ ਸਬੰਧੀ ਵੇਰਵਾ ਇਸ ਪ੍ਰਕਾਰ ਹੈ :-

**SRI GURU RAVIDASS MISSION**
**PARCHAR SANSTHA PUNJAB (Regd.)**
**V.P.O. BINPALKE, VIA. BHOGPUR, DISTT. JALANDHAR**
**ACCOUNT NO. 32717505525**
**IFS Code No. SBIN0010122**
**STATE BANK OF INDIA (BHOGPUR)**

## ਸ਼ਬਦ = 1

*ਸਿਰੀਰਾਗੁ ਬਾਣੀ ਸ੍ਰੀ ਰਵਿਦਾਸ ਜੀ ਕੀ ॥*

*ੴ ਸਤਿਗੁਰ ਪ੍ਰਸਾਦਿ ॥*

**ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥**
**ਕਨਕ ਕਟਿਕ ਜਲ ਤਰੰਗ ਜੈਸਾ ॥੧॥**

ਹੇ ਪ੍ਰਭ! ਤੇਰੇ ਤੇ ਮੇਰੇ ਅਤੇ ਮੇਰੇ ਤੇ ਤੇਰੇ ਵਿਚ ਕੀ ਅੰਤਰ ਹੈ? - ਅੰਤਰ ਸਿਰਫ਼ ਇਤਨਾ ਹੀ ਹੈ ਜਿਤਨਾ ਸੋਨਾ ਤੇ ਸੋਨੇ ਤੋਂ ਬਣੇ ਕੜੇ ਅਤੇ ਜਲ ਤੇ ਜਲ ਉੱਤੇ ਪੈਦਾ ਤਰੰਗ ਵਿਚ ਹੈ॥੧॥

**ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ॥**
**ਪਤਿਤ ਪਾਵਨ ਨਾਮੁ ਕੈਸੇ ਹੁੰਤਾ ॥੧॥ ਰਹਾਉ ॥**

ਹੇ ਪ੍ਰਭ! ਜੇਕਰ ਅਸੀਂ ਪਾਪ ਨਾ ਕਰਦੇ ਤਾਂ ਪਾਪੀਆਂ ਨੂੰ ਪਵਿੱਤਰ ਕਰਨ ਵਾਲਾ ਤੇਰਾ ਨਾਮ ਕਿਵੇਂ ਹੁੰਦਾ?॥੧॥

**ਤੁਮ੍ ਜੁ ਨਾਇਕ ਆਛਹੁ ਅੰਤਰਜਾਮੀ ॥**
**ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ ॥੨॥**

ਸਭ ਦੇ ਮਨਾਂ ਦੀਆਂ ਜਾਨਦੇ ਹੋ। ਤੁਸੀਂ ਅਗਵਾਈ



ਕਰਨ ਵਾਲੇ ਹੋ ਤੇ ਪ੍ਰਭ ਬ੍ਰਹਮ ਗਿਆਨ ਦਾ ਸ੍ਰੋਤ ਹੈ, ਜਦੋਂ ਸਾਧਕ ਬ੍ਰਹਮ ਗਿਆਨ ਪ੍ਰਾਪਤ ਕਰ ਲੈਂਦਾ ਹੈ ਤਾਂ ਉਹ ਪ੍ਰਭ ਦਾ ਰੂਪ ਹੀ ਹੋ ਜਾਂਦਾ ਹੈ। ਇਸ ਤਰ੍ਹਾਂ ਪ੍ਰਭ ਤੋਂ ਸਾਧਕ ਅਤੇ ਸਾਧਕ ਤੋਂ ਪ੍ਰਭ ਦੀ ਪਹਿਚਾਣ ਹੋ ਜਾਂਦੀ ਹੈ।

**ਸਰੀਰੁ ਆਰਾਧੈ ਮੋ ਕਉ ਬੀਚਾਰੁ ਦੇਹੂ ॥**
**ਰਵਿਦਾਸ ਸਮ ਦਲ ਸਮਝਾਵੈ ਕੋਊ ॥੩॥**

**(ਪੰਨਾ 93)**

ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ, ਹੇ ਪ੍ਰਭ! ਮੇਰਾ ਤਨ ਮਨ ਆਪ ਜੀ ਦਾ ਸਿਮਰਨ ਕਰੇ ਮੈਨੂੰ ਅਜਿਹੇ ਗਿਆਨ ਦੀ ਦਾਤ ਬਖਸ਼ਿਸ਼ ਕਰੋ ਅਤੇ ਮੈਨੂੰ ਕੋਈ ਇਹ ਵੀ ਦੱਸੇ ਕਿ ਤੂੰ ਸਰਵ-ਵਿਆਪਕ ਹੈ॥੩॥

## ਸ਼ਬਦ = 2

*ਰਾਗੁ ਗਉੜੀ ਰਵਿਦਾਸ ਜੀ ਕੇ ਪਦੇ ਗਉੜੀ ਗੁਆਰੇਰੀ*

*ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥*

**ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ ॥**
**ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ ॥੧॥**

ਮੈਂ ਦਿਨੇ-ਰਾਤ ਇਹੀ ਚਿੰਤਾ ਵਿਚ ਹਾਂ ਕਿ ਭੈੜੇ

ਵਿਕਾਰਾਂ ਦੀ ਸੰਗਤ ਕਾਰਨ ਮੇਰਾ ਕਰਮ ਭੈੜਾ ਹੈ। ਇਸ ਕਰਕੇ ਮੇਰਾ ਸਮੁੱਚਾ ਜੀਵਨ ਭੈੜਾ ਹੋ ਗਿਆ ਹੈ॥੧॥

**ਰਾਮ ਗੁਸਈਆ ਜੀਅ ਕੇ ਜੀਵਨਾ॥**

**ਮੋਹਿ ਨ ਬਿਸਾਰਹੁ ਮੈ ਜਨੁ ਤੇਰਾ॥੧॥ ਰਹਾਉ॥**

ਹੇ ਜਗਤ ਦੇ ਮਾਲਿਕ ਅਤੇ ਮੇਰੇ ਜੀਵਨ ਦੇ ਸਹਾਰੇ ਪ੍ਰਭ! ਮੈਨੂੰ ਵਿਸਾਰੋ ਨਾ, ਮੈਂ ਤੁਹਾਡਾ ਸੇਵਕ ਹਾਂ॥੧॥ ਰਹਾਉ॥

**ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ॥**

**ਚਰਣ ਨ ਛਾਡਉ ਸਰੀਰ ਕਲ ਜਾਈ॥੨॥**

ਮੇਰੇ ਵਿਕਾਰਾਂ ਦੀ ਬਿਪਤਾ ਦੂਰ ਕਰਕੇ ਮੈਨੂੰ ਉੱਤਮ ਬਣਾਉ। ਮੈਂ ਤੁਹਾਡੇ ਚਰਨ ਨਹੀਂ ਛੱਡਣੇ ਭਾਵੇਂ ਮੇਰੇ ਸਰੀਰ ਦਾ ਕਲ (ਨਾਸ਼) ਹੀ ਕਿਉਂ ਨਾ ਹੋ ਜਾਵੇ॥੨॥

**ਕਹੁ ਰਵਿਦਾਸ ਪਰਉ ਤੇਰੀ ਸਾਭਾ॥**

**ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ॥੩॥੧॥**

**(ਪੰਨਾ 345)**

ਗੁਰੂ ਰਵਿਦਾਸ ਜੀ ਬੇਨਤੀ ਕਰਦੇ ਹਨ ਕਿ ਹੇ ਪ੍ਰਭੂ! ਮੈਂ ਤੁਹਾਡੀ ਸ਼ਰਨ ਵਿਚ ਹਾਂ ਅਤੇ ਤੇਰੇ ਦਰਸ਼ਨਾਂ ਲਈ ਵਿਆਕੁਲ ਹਾਂ। ਮੈਨੂੰ ਜਲਦੀ ਦਰਸ਼ਨ ਦਿਓ ਜੀ॥੩॥੧॥



## ਸ਼ਬਦ = 3

**ਬੇਗਮ ਪੁਰਾ ਸਹਰ ਕੋ ਨਾਉ॥**

**ਦੂਖੁ ਅੰਦੋਹੁ ਨਹੀ ਤਿਹਿ ਠਾਉ॥**

ਉਹ ਵਿਸ਼ਵ ਵਤਨ (ਸਹਰ) ਜਿੱਥੇ ਕਿਸੇ ਨੂੰ ਕੋਈ ਦੁੱਖ, ਚਿੰਤਾ, ਘਬਰਾਹਟ ਨਹੀਂ ਹੈ, ਸਾਰੇ ਅਨੰਦ ਨਾਲ ਭਰਪੂਰ ਜੀਵਨ ਜੀਉਂਦੇ ਹਨ। ਉਸ ਦਾ ਨਾਂਅ ਬੇਗ਼ਮਪੁਰਾ ਹੈ।

**ਨਾਂ ਤਸਵੀਸ ਖਿਰਾਜੁ ਨ ਮਾਲੁ॥**

**ਖਉਫੁ ਨ ਖਤਾ ਨ ਤਰਸੁ ਜਵਾਲੁ॥੧॥**

ਉੱਥੇ ਕਿਸੇ ਨੂੰ ਕੋਈ ਟੈਕਸ, ਡਰ, ਪੀੜਾ ਅਤੇ ਘਾਟਾ ਨਹੀਂ ਹੈ॥੧॥

**ਅਬ ਮੋਹਿ ਖੂਬ ਵਤਨ ਗਹ ਪਾਈ॥**

**ਊਹਾਂ ਖੈਰਿ ਸਦਾ ਮੇਰੇ ਭਾਈ॥੧॥ ਰਹਾਉ॥**

ਹੁਣ ਮੈਂ ਵਸਣ ਲਈ ਸੋਹਣੀ ਥਾਂ ਲੱਭ ਪਾਈ ਹੈ ਜਿੱਥੇ ਹਮੇਸ਼ਾ ਸੁੱਖ ਹੀ ਸੁੱਖ ਹਨ॥੧॥ ਰਹਾਉ॥

**ਕਾਇਮੁ ਦਾਇਮੁ ਸਦਾ ਪਾਤਿਸਾਹੀ॥**

**ਦੋਮ ਨ ਸੇਮ ਏਕ ਸੋ ਆਹੀ॥**

ਇਸ ਵਤਨ ਦੇ ਸ਼ਹਿਰੀ ਭੇਦ ਭਾਵ ਤੋਂ ਰਹਿਤ ਦੂਜੇ



## ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਮੰਦਰ (ਬੇਗਮਪੁਰਾ ਸਾਹਿਬ)
## ਸੀਰ ਗੋਵਰਧਨਪੁਰ ਕਾਂਸ਼ੀ ਵਾਰਾਣਸੀ (ਉੱਤਰ ਪ੍ਰਦੇਸ਼)

ਸ੍ਰੀ ਗੁਰੂ ਰਵਿਦਾਸ ਜੀ ਦਾ ਆਗਮਨ ਮਾਘ ਦੀ ਪੂਰਨਮਾਸ਼ੀ ਸੰਮਤ 1433 ਬਿਕ੍ਰਮੀ ਭਾਵ ਜਨਵਰੀ 1377 ਈ. ਨੂੰ ਹੋਇਆ। ਵਾਰਾਣਸੀ ਇਸ ਦਾ ਪੁਰਾਣਾ ਨਾਂਅ ਸੀ। ਫਿਰ ਇਸ ਨੂੰ ਬਨਾਰਸ ਕਿਹਾ ਜਾਣ ਲੱਗਾ ਅਤੇ ਹੁਣ ਫਿਰ 1971 ਈ. ਵਿਚ ਇਸ ਦਾ ਨਾਂਅ ਬਨਾਰਸ ਤੋਂ ਬਦਲ ਕੇ ਵਾਰਾਣਸੀ ਰੱਖਿਆ ਗਿਆ ਹੈ। ਸ੍ਰੀ ਗੁਰੂ ਰਵਿਦਾਸ ਜੀ ਦੇ ਸਮੇਂ ਇਸ ਨੂੰ ਬਨਾਰਸ ਕਿਹਾ ਜਾਂਦਾ ਸੀ। ਵਾਰਾਣਸੀ ਤੋਂ ਭਾਵ ਵਰਣਾ ਅਤੇ ਅਸਿ ਨਦੀਆਂ ਉਪਰ ਆਬਾਦ ਸ਼ਹਿਰ। ਕਈ ਗ੍ਰੰਥਾਂ ਵਿਚ ਇਸ ਨੂੰ ਪਵਿੱਤਰ ਜਲਪੁਰੀ ਵੀ ਕਿਹਾ ਗਿਆ ਹੈ। ਜਲੰਧਰ ਸ਼ਹਿਰ ਤੋਂ ਵਾਰਾਣਸੀ 1172 ਕਿਲੋਮੀਟਰ ਦੂਰ ਹੈ। ਰੇਲਗੱਡੀ ਰਾਹੀਂ ਵਾਰਾਣਸੀ ਪਹੁੰਚਣ ਲਈ ਲੱਗਭਗ 20 ਘੰਟੇ ਦਾ ਸਮਾਂ ਲੱਗਦਾ ਹੈ। ਵਾਰਾਣਸੀ ਰੇਲਵੇ ਸਟੇਸ਼ਨ ਤੋਂ 10 ਕਿਲੋਮੀਟਰ ਦੀ ਦੂਰੀ 'ਤੇ ਲੰਕਾ ਚੌਰਾਹੇ ਵਿਖੇ ਗੁਰੂ ਜੀ ਦੀ ਯਾਦ ਵਿਚ ਬੜਾ ਸੁੰਦਰ ਗੇਟ ਬਣਿਆ ਹੋਇਆ ਹੈ। ਗੇਟ ਤੋਂ 2 ਕਿਲੋਮੀਟਰ ਦੀ ਦੂਰੀ 'ਤੇ ਸੱਤ ਮੰਜ਼ਿਲਾਂ ਜਨਮ ਅਸਥਾਨ ਮੰਦਰ ਸ਼ਸ਼ੋਭਿਤ ਹੈ। ਹੁਣ ਇਸ ਸਮੁੱਚੇ ਮੰਦਰ ਨੂੰ ਸੋਨੇ ਵਿਚ ਮੜ੍ਹਨ ਦਾ ਕਾਰਜ ਚੱਲ ਰਿਹਾ ਹੈ।

**ਗੁਰੂ ਸਾਹਿਬਾਨਾਂ ਦੀ ਬਾਣੀ ਤੇ ਵਿਆਖਿਆ, ਵਿਚਾਰਧਾਰਾ, ਜੀਵਨ ਅਤੇ ਇਤਿਹਾਸ ਪੰਜਾਬੀ ਅਤੇ ਹਿੰਦੀ ਵਿਚ ਪੜ੍ਹਨ ਲਈ visit us www.begumpuramission.com**
**PDF is also available on the website.**

ਅੰਮ੍ਰਿਤ ਰਸ ਬਾਣੀ

ਸ੍ਰੀ ਗੁਰੂ ਰਵਿਦਾਸ ਜੀ ਸਟੀਕ (ਪੰਜਾਬੀ)




# ਅੰਮ੍ਰਿਤ ਰਸ ਬਾਣੀ

## ਸ੍ਰੀ ਗੁਰੂ ਰਵਿਦਾਸ ਜੀ ਸਟੀਕ (ਪੰਜਾਬੀ)

(ਰਜਿ. ਨੰ. 179-2006-07)
ਪ੍ਰਕਾਸ਼ਕ : ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)
ਮੁੱਖ ਦਫ਼ਤਰ - ਪਿੰਡ ਬਿਨਪਾਲਕੇ, ਨੇੜੇ ਭੋਗਪੁਰ, ਜ਼ਿਲ੍ਹਾ ਜਲੰਧਰ

ਤੀਜੇ ਦਰਜੇ ਦੇ ਨਹੀਂ ਹਨ ਸਾਰੇ ਇਕੋ ਹੀ ਹਨ। ਉਥੇ ਪਾਤਸ਼ਾਹੀ ਹਮੇਸ਼ਾ ਕਾਇਮ ਰਹਿੰਦੀ ਹੈ।

**ਆਬਾਦਾਨੁ ਸਦਾ ਮਸਹੂਰ ॥**

**ਊਹਾਂ ਗਨੀ ਬਸਹਿ ਮਾਮੂਰ ॥੨॥**

ਉਹ ਥਾਂ ਸਦਾ ਪ੍ਰਸਿੱਧ ਹੈ ਤੇ ਉਥੇ ਅਮੀਰ ਆਤਮਾ ਵਾਲੇ ਹੀ ਵਸਦੇ ਹਨ॥੨॥

**ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥**

**ਮਹਰਮ ਮਹਲ ਨ ਕੋ ਅਟਕਾਵੈ ॥**

ਬੇਗ਼ਮਪੁਰਾ ਸ਼ਹਿਰ ਵਿਚ ਜਿਵੇਂ ਕੋਈ ਚਾਹੇ ਘੁੰਮ ਫਿਰ ਸਕਦਾ ਹੈ, ਪ੍ਰਭ ਦੇ ਮਹਿਲਾਂ ਦੇ ਪੂਰਨ ਭੇਤੀ ਵੀ ਉਨ੍ਹਾਂ ਨੂੰ ਰੋਕਦੇ ਨਹੀਂ।

**ਕਹਿ ਰਵਿਦਾਸ ਖਲਾਸ ਚਮਾਰਾ ॥**

**ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥੨॥**

**(ਪੰਨਾ 345)**

ਭਾਵ ਪਰਜਾ ਰਾਜੇ ਦੇ ਹਰ ਭੇਦ ਤੋਂ ਜਾਣੂ ਹੈ। ਇਸ ਵਤਨ ਦੇ ਵਾਸੀ ਆਜ਼ਾਦ ਹੋਏ ਗੁਰੂ ਰਵਿਦਾਸ ਚਮਾਰ ਫੁਰਮਾਉਂਦੇ ਹਨ ਕਿ ਜਿਹੜਾ ਮੇਰੇ ਇਸ ਸ਼ਹਿਰ ਦਾ ਵਸਨੀਕ ਹੈ, ਉਹ ਮੇਰਾ ਮਿੱਤਰ ਹੈ॥੩॥੨॥



## ਸ਼ਬਦ = 4

*ੴ ਸਤਿਗੁਰ ਪ੍ਰਸਾਦਿ ॥*

*ਗਉੜੀ ਬੈਰਾਗਣਿ ਰਵਿਦਾਸ ਜੀਉ ॥*

**ਘਟ ਅਵਘਟ ਡੂਗਰ ਘਣਾ**

**ਇਕੁ ਨਿਰਗੁਣੁ ਬੈਲੁ ਹਮਾਰ ॥**

ਬ੍ਰਹਮ ਗਿਆਨ ਦੀ ਪ੍ਰਾਪਤੀ ਕਰਕੇ ਗੁਰੂ ਰਵਿਦਾਸ ਪ੍ਰਭ ਨੂੰ ਸੰਬੋਧਨ ਕਰਦੇ ਫੁਰਮਾਉਂਦੇ ਹਨ ਕਿ ਹੇ ਪ੍ਰਭ! ਜਿਥੋਂ ਮੇਰੇ ਗਿਆਨ ਦੀ ਪੂੰਜੀ ਦਾ ਕਾਫ਼ਲਾ ਲੈ ਕੇ ਲੰਘਣਾ ਹੈ, ਉਹ ਰਸਤਾ ਬੜਾ ਕਠਿਨ ਖਤਰਨਾਕ ਤੇ ਪਹਾੜੀ ਰਸਤਾ ਹੈ। ਪਰ ਮੇਰਾ ਬੈਲ ਰੂਪੀ ਮਨ ਬੜਾ ਕਮਜ਼ੋਰ ਹੈ।

**ਰਮਈਏ ਸਿਉ ਇਕ ਬੇਨਤੀ**

**ਮੇਰੀ ਪੂੰਜੀ ਰਾਖੁ ਮੁਰਾਰਿ ॥੧॥**

ਇਸ ਕਰਕੇ ਹੇ ਪ੍ਰਭ! ਤੇਰੇ ਅੱਗੇ ਮੇਰੀ ਅਰਦਾਸ ਹੈ ਕਿ ਮੇਰੇ ਇਸ ਗਿਆਨ ਰੂਪੀ ਪੂੰਜੀ ਦੀ ਰੱਖਿਆ ਕਰਨੀ॥੨॥

**ਕੋ ਬਨਜਾਰੋ ਰਾਮ ਕੋ**

**ਮੇਰਾ ਟਾਂਡਾ ਲਾਦਿਆ ਜਾਇ ਰੇ ॥੧॥ ਰਹਾਉ ॥**

ਹੈ ਕੋਈ ਪ੍ਰਭ ਦੇ ਨਾਮ ਦਾ ਵਪਾਰੀ? ਮੇਰਾ (ਗੱਡਾ) ਪ੍ਰਭ ਦੇ ਨਾਮ ਦੇ ਗਿਆਨ ਰੂਪੀ ਧਨ ਨਾਲ ਲੱਦਿਆ ਜਾ ਰਿਹਾ ਹੈ॥੧॥

**ਹਉ ਬਨਜਾਰੋ ਰਾਮ ਕੋ ਸਹਜ ਕਰਉ ਬ੍ਯ੍ਯਾਪਾਰੁ ॥**
**ਮੈ ਰਾਮ ਨਾਮ ਧਨੁ ਲਾਦਿਆ**
**ਬਿਖੁ ਲਾਦੀ ਸੰਸਾਰਿ ॥੨॥**

ਗੁਰੂ ਜੀ ਸਪੱਸ਼ਟ ਕਰਦੇ ਹਨ ਕਿ ਮੈਂ ਹੀ ਪ੍ਰਭ ਦੇ ਨਾਮ ਦਾ ਵਪਾਰੀ ਹਾਂ ਤੇ ਕੇਵਲ ਬ੍ਰਹਮ ਗਿਆਨ ਹੀ ਵੇਚਦਾ ਹਾਂ। ਗੁਰੂ ਜੀ ਡੰਕੇ ਦੀ ਚੋਟ ਨਾਲ ਹੋਕਾ ਦਿੰਦੇ ਹਨ ਕਿ ਕੇਵਲ ਮੈਂ ਹੀ ਬ੍ਰਹਮ ਗਿਆਨ ਦਾ ਵੇਚ ਰਿਹਾ ਹਾਂ ਬਾਕੀ ਸਾਰਾ ਸੰਸਾਰ ਜ਼ਹਿਰ ਲੱਦ ਕੇ ਵੇਚ ਰਿਹਾ ਹੈ॥੨॥

**ਉਰਵਾਰ ਪਾਰ ਕੇ ਦਾਨੀਆ**
**ਲਿਖਿ ਲੇਹੁ ਆਲ ਪਤਾਲੁ ॥**

ਹੇ ਚਿੱਤਰ ਗੁਪਤੋ! ਮੇਰੇ ਵਾਰੇ ਜੋ ਮਰਜ਼ੀ ਊਲ-ਜਲੂਲ ਲਿਖ ਲਵੋ।

**ਮੋਹਿ ਜਮ ਡੰਡੁ ਨ ਲਾਗਈ**
**ਤਜੀਲੇ ਸਰਬ ਜੰਜਾਲ ॥੩॥**

ਫਿਰ ਵੀ ਮੈਨੂੰ ਜੰਮਾਂ ਦੀ ਫਾਹੀ ਨਹੀਂ ਲੱਗਣੀ ਕਿਉਂਕਿ ਮੈਂ ਸਾਰੇ ਜੰਜ਼ਾਲ ਤਿਆਗ ਦਿੱਤੇ ਹਨ॥੩॥



**ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ ॥**
**ਮੇਰੇ ਰਮਈਏ ਰੰਗੁ ਮਜੀਠ ਕਾ**
**ਕਹੁ ਰਵਿਦਾਸ ਚਮਾਰ ॥੪॥੧॥ (ਪੰਨਾ 345)**

ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਸੰਸਾਰ ਦਾ ਰੰਗ ਕੁਸੰਭੇ ਦੇ ਰੰਗ ਵਾਂਗ ਕੱਚਾ ਹੈ, ਅਸਥਿਰ ਹੈ ਪਰ ਮੇਰੇ ਪ੍ਰਭ ਦਾ ਰੰਗ ਮਜੀਠ ਵਾਂਗ ਪੱਕ ਹੈ ਭਾਵ ਸਦੀਵੀ ਟਿਕਿਆ ਰਹਿਣ ਵਾਲਾ ਰੰਗ ਹੈ॥੪॥੧॥

## ਸ਼ਬਦ = 5

*ਗਾਉੜੀ ਪੂਰਬੀ ਰਵਿਦਾਸ ਜੀਉ*

*ੴ ਸਤਿਗੁਰ ਪ੍ਰਸਾਦਿ ॥*

**ਕੂਪੁ ਭਰਿਓ ਜੈਸੇ ਦਾਦਿਰਾ**
**ਕਛੁ ਦੇਸੁ ਬਿਦੇਸੁ ਨ ਬੂਝ ॥**

ਹੇ ਪ੍ਰਭ ਮੈਂ ਉਸ ਖੂਹ ਦੇ ਡੱਡੂਆਂ ਵਾਂਗ ਹਾਂ, ਜਿਨ੍ਹਾਂ ਨੂੰ ਖੂਹ ਤੋਂ ਬਾਹਰ ਬਾਰੇ ਗਿਆਨ ਨਹੀਂ ਹੁੰਦਾ।

**ਐਸੇ ਮੇਰਾ ਮਨੁ ਬਿਖਿਆ ਬਿਮੋਹਿਆ**
**ਕਛੁ ਆਰਾ ਪਾਰੁ ਨ ਸੂਝ ॥੧॥**

ਇਸ ਤਰ੍ਹਾਂ ਮੇਰਾ ਮਨ ਵਿਕਾਰਾਂ ਵਿਚ ਫਸਿਆ ਹੈ ਇਸ ਕਰਕੇ ਹੇ ਪ੍ਰਭੂ! ਮੈਨੂੰ ਤੇਰੇ ਬਾਰੇ ਗਿਆਨ ਨਹੀਂ ਹੈ॥੧॥

**ਸਗਲ ਭਵਨ ਕੇ ਨਾਇਕਾ**

**ਇਕੁ ਛਿਨੁ ਦਰਸੁ ਦਿਖਾਇ ਜੀ॥੧॥ ਰਹਾਉ॥**

ਹੇ ਸਾਰੇ ਸੰਸਾਰ ਨੂੰ ਅਗਵਾਈ ਦੇਣ ਵਾਲੇ ਪ੍ਰਭ! ਮੈਨੂੰ ਇਕ ਪਲ ਲਈ ਦਰਸ਼ਨ ਦਿਓ ਜੀ॥੧॥ ਰਹਾਉ॥

**ਮਲਿਨ ਭਈ ਮਤਿ ਮਾਧਵਾ**

**ਤੇਰੀ ਗਤਿ ਲਖੀ ਨ ਜਾਇ॥**

ਹੇ ਪ੍ਰਭ! ਵਿਕਾਰਾਂ ਕਾਰਨ ਮੈਨੂੰ ਤੇਰੀ ਮਹਾਨਤਾ ਦਾ ਗਿਆਨ ਨਹੀਂ ਹੈ।

**ਕਰਹੁ ਕ੍ਰਿਪਾ ਭ੍ਰਮੁ ਚੂਕਈ**

**ਮੈ ਸੁਮਤਿ ਦੇਹੁ ਸਮਝਾਇ॥੨॥**

ਕਿਰਪਾ ਕਰੋ ਕਿ ਮੈਨੂੰ ਤੁਹਾਡੀ ਸੋਝੀ ਆਵੇ ਅਤੇ ਮੇਰਾ ਭ੍ਰਮ ਚੁੱਕਿਆ ਜਾਵੇ॥੨॥

**ਜੋਗੀਸਰ ਪਾਵਹਿ ਨਹੀ**

**ਤੁਅ ਗੁਣ ਕਥਨੁ ਅਪਾਰ॥**

**ਪ੍ਰੇਮ ਭਗਤਿ ਕੈ ਕਾਰਣੈ**



**ਕਹੁ ਰਵਿਦਾਸ ਚਮਾਰ॥੩॥੧॥**

**(ਪੰਨਾ 346)**

ਹੇ ਪ੍ਰਭ! ਤੇਰੇ ਗੁਣ ਬੇਅੰਤ ਹਨ। ਇਨ੍ਹਾਂ ਨੂੰ ਜੋਗੀ ਤਾਂ ਕੀ, ਜੋਗੀਆਂ ਦੇ ਗੁਰੂ ਵੀ ਨਹੀਂ ਜਾਣ ਸਕੇ। ਮੈਂ (ਗੁਰੂ) ਰਵਿਦਾਸ ਚਮਾਰ ਤੇਰੀ ਪ੍ਰੇਮਾ-ਭਗਤੀ ਪ੍ਰਾਪਤ ਕਰਨ ਲਈ ਤੇਰੇ ਗੁਣ ਗਾਉਂਦਾ ਹਾਂ॥੩॥੧॥

## ਸ਼ਬਦ = 6

*ਗਉੜੀ ਬੈਰਾਗਣਿ*

*ੴ ਸਤਿਗੁਰ ਪ੍ਰਸਾਦਿ॥*

**ਸਤਜੁਗਿ ਸਤੁ ਤੇਤਾ ਜਗੀ**

**ਦੁਆਪਰਿ ਪੂਜਾਚਾਰ॥**

ਇਸ ਪਾਵਨ ਸ਼ਬਦ ਦੇ ਪਹਿਲੇ ਬੰਧ ਵਿਚ ਗੁਰੂ ਜੀ ਹਿੰਦੂ ਧਰਮ ਦੀ ਪੂਜਾ ਵਿਧੀ ਦਾ ਵਰਨਣ ਕਰਦੇ ਫ਼ੁਰਮਾਉਂਦੇ ਹਨ ਕਿ ਸਤਿਯੁੱਗ ਦੀ ਪੂਜਾ ਵਿਧੀ ਦਾਨ ਦੇਣਾ, ਤ੍ਰੇਤੇ ਯੁੱਗ ਦੀ ਪੂਜਾ ਵਿਧੀ ਯੱਗ ਕਰਨੇ, ਦੁਆਪਰ ਯੁੱਗ ਵਿਚ ਦੇਵਤਿਆਂ ਦੀ ਪੂਜਾ ਕਰਨ ਦਾ ਵਿਧਾਨ ਹੈ।

**ਤੀਨੈ ਜੁਗ ਤੀਨੈ ਦਿੜੇ**

**ਕਲਿ ਕੇਵਲ ਨਾਮ ਅਧਾਰ ॥੧॥**

ਬ੍ਰਾਹਮਣ ਨੇ ਤਿੰਨ ਯੁਗਾਂ ਵਿਚ ਤਿੰਨ ਪੂਜਾ ਵਿਧੀਆਂ ਪਰਪੱਕ ਕਰ ਦਿੱਤੀਆਂ ਅਤੇ ਕਲਿਯੁੱਗ ਵਿਚ ਅਵਤਾਰਾਂ ਦੀ ਪੂਜਾ ਭਾਵ ਸ੍ਰੀ ਰਾਮ ਚੰਦਰ, ਸ੍ਰੀ ਕ੍ਰਿਸ਼ਨ ਜੀ ਦੀ ਮੂਰਤੀਆਂ ਦੀ ਪੂਜਾ ਨੂੰ ਦ੍ਰਿੜ ਕੀਤਾ ਹੋਇਆ ਹੈ ॥੧॥

**ਪਾਰੁ ਕੈਸੇ ਪਾਇਬੋ ਰੇ ॥**

**ਮੋ ਸਉ ਕੋਊ ਨ ਕਹੈ ਸਮਝਾਇ ॥**

**ਜਾ ਤੇ ਆਵਾ ਗਵਨੁ ਬਿਲਾਇ ॥੧॥ ਰਹਾਉ ॥**

ਪ੍ਰੰਤੂ ਇਸ ਪੂਜਾ ਵਿਧੀ ਨਾਲ ਤਾਂ ਭਵਸਾਗਰ ਤੋਂ ਪਾਰ ਹੋਇਆ ਹੀ ਨਹੀਂ ਜਾ ਸਕਦਾ। ਮੈਨੂੰ ਕੋਈ ਸਮਝਾ ਕੇ ਸਪੱਸ਼ਟ ਨਹੀਂ ਕਰ ਰਿਹਾ ਕਿ ਆਵਾਗਵਨ ਤੋਂ ਮੁਕਤੀ ਕਿਵੇਂ ਮਿਲੇ? ਕਿਉਂਕਿ ਉਪਰੋਕਤ ਚਾਰ ਯੁੱਗਾਂ ਦੀ ਪੂਜਾ ਵਿਧੀ ਨਾਲ ਮਨੁੱਖ ਨੂੰ ਪ੍ਰਭ ਪ੍ਰਾਪਤੀ ਨਹੀਂ ਹੋ ਸਕਦੀ ॥੧॥ ਰਹਾਉ ॥

**ਬਹੁ ਬਿਧਿ ਧਰਮ ਨਿਰੂਪੀਐ**

**ਕਰਤਾ ਦੀਸੈ ਸਭ ਲੋਇ ॥**



**ਕਵਨ ਕਰਮ ਤੇ ਛੂਟੀਐ**

**ਜਿਹ ਸਾਧੇ ਸਭ ਸਿਧਿ ਹੋਇ ॥੨॥**

ਸ਼ਾਸ਼ਤਰਾਂ ਅਨੁਸਾਰ ਬਹੁਤ ਸਾਰੀਆਂ ਧਾਰਮਿਕ ਵਿਧੀਆਂ ਕਰਦੀ ਲੋਕਾਈ ਨਜ਼ਰ ਆਉਂਦੀ ਹੈ। ਪ੍ਰੰਤੂ ਕਿਹੜਾ ਕਰਮ ਕੀਤਾ ਜਾਵੇ ਜਿਸ ਨਾਲ ਮੁਕਤੀ ਮਿਲੇ ॥੨॥

**ਕਰਮ ਅਕਰਮ ਬੀਚਾਰੀਐ**

**ਸੰਕਾ ਸੁਨਿ ਬੇਦ ਪੁਰਾਨ ॥**

ਵੇਦ ਅਤੇ ਪੁਰਾਣ ਕੁਝ ਕਰਮ ਕਰਨ ਦੀ ਆਗਿਆ ਦਿੰਦੇ ਹਨ ਤੇ ਕੁਝ ਦੀ ਮਨਾਹੀ ਕਰਦੇ ਹਨ। ਇਸ ਤਰ੍ਹਾਂ ਵੇਦ ਅਤੇ ਪੁਰਾਨ ਪੜ੍ਹਨ ਨਾਲ ਮਨ ਵਿਚ ਸ਼ੰਕੇ ਪੈਦਾ ਹੋ ਜਾਂਦੇ ਹਨ।

**ਸੰਸਾ ਸਦ ਹਿਰਦੈ ਬਸੈ**

**ਕਉਨੁ ਹਿਰੈ ਅਭਿਮਾਨੁ ॥੩॥**

ਇਨ੍ਹਾਂ ਸ਼ੰਕਿਆਂ ਨਾਲ ਮਨ ਵਿਚ ਭਰਮ ਅਤੇ ਵਿਕਾਰ ਹੋਰ ਪੱਕੇ ਹੋ ਜਾਂਦੇ ਹਨ। ਇਸ ਤਰ੍ਹਾਂ ਮਨ ਵਿਚ ਸਦਾ ਲਈ ਟਿਕੇ ਭਰਮਾਂ ਵਿਕਾਰਾਂ ਤੋਂ ਪੈਦਾ ਹੋਏ ਹੰਕਾਰ ਨੂੰ ਕਿਵੇਂ ਦੂਰ ਕੀਤਾ ਜਾਵੇ ॥੩॥

**ਬਾਹਰੁ ਉਦਕਿ ਪਖਾਰੀਐ**

**ਘਟ ਭੀਤਰਿ ਬਿਬਿਧਿ ਬਿਕਾਰ ॥**

ਤੀਰਥ ਇਸ਼ਨਾਨ ਨਾਲ ਬਾਹਰੀ ਮੈਲ ਤਾਂ ਦੂਰ ਹੋ ਸਕਦੀ ਹੈ, ਪਰ ਅੰਦਰ ਵਿਕਾਰ ਟਿਕੇ ਰਹਿੰਦੇ ਹਨ।

**ਸੁਧ ਕਵਨ ਪਰ ਹੋਇਬੋ**

**ਸੁਚ ਕੁੰਚਰ ਬਿਧਿ ਬਿਉਹਾਰ ॥੪ ॥**

ਇਹ ਸੁੱਚੇ ਹੋਣਾ ਤਾਂ ਹਾਥੀ ਦੇ ਇਸ਼ਨਾਨ ਵਾਂਗ ਹੈ ਜੋ ਇਸ਼ਨਾਨ ਕਰਨ ਮਗਰੋਂ ਆਪਣੇ ਉੱਪਰ ਮਿੱਟੀ ਸੁੱਟ ਲੈਂਦਾ ਹੈ, ਜਿਵੇਂ ਇਨਸਾਨ ਤੀਰਥਾਂ ਦੇ ਇਸ਼ਨਾਨ ਤੋਂ ਪਿਛੋਂ ਝਟਪਟ ਵਿਕਾਰੀ ਕੰਮਾਂ ਵਿਚ ਲੱਗ ਜਾਂਦਾ ਹੈ ॥੪ ॥

**ਰਵਿ ਪ੍ਰਗਾਸ ਰਜਨੀ ਜਥਾ**

**ਗਤਿ ਜਾਨਤ ਸਭ ਸੰਸਾਰ ॥**

ਜਿਵੇਂ ਸਾਰਾ ਸੰਸਾਰ ਜਾਣਦਾ ਹੈ ਕਿ ਸੂਰਜ ਦੇ ਪ੍ਰਕਾਸ਼ ਨਾਲ ਰਾਤ ਦਾ ਹਨ੍ਹੇਰਾ ਦੂਰ ਹੋ ਜਾਂਦਾ ਹੈ।

**ਪਾਰਸ ਮਾਨੋ ਤਾਬੋ ਛੁਏ**

**ਕਨਕ ਹੋਤ ਨਹੀ ਬਾਰ ॥੫ ॥**

ਅਤੇ ਪਾਰਸ ਨੂੰ ਤਾਂਬੇ ਨਾਲ ਛੂਹਿਆਂ ਉਸ ਤਾਂਬੇ ਨੂੰ ਸੋਨਾ ਬਣਨ ਵਿਚ ਦੇਰ ਨਹੀਂ ਲੱਗਦੀ ॥੫ ॥



**ਪਰਮ ਪਰਸ ਗੁਰੁ ਭੇਟੀਐ**

**ਪੂਰਬ ਲਿਖਤ ਲਿਲਾਟ ॥**

ਇਸ ਤਰ੍ਹਾਂ ਚੰਗੇ ਭਾਗਾਂ ਨਾਲ ਭਾਵ ਜਨਮ ਲੈਣ ਪਿਛੋਂ ਕੀਤੇ ਚੰਗੇ ਕੰਮਾਂ ਦੀ ਕੋਸ਼ਿਸ਼ ਸਦਕਾ ਜਦ ਪਾਰਸਾਂ ਦਾ ਪਾਰਸ ਗੁਰੂ ਮਿਲ ਪਵੇ।

**ਉਨਮਨ ਮਨ ਮਨ ਹੀ ਮਿਲੇ**

**ਛੁਟਕਤ ਬਜਰ ਕਪਾਟ ॥੬ ॥**

ਅਤੇ ਉਸ ਦਾ ਮਿਲਾਪ ਸਾਧਕ ਦੇ ਮਨ ਨਾਲ ਹੋਵੇ ਤਾਂ ਮਨ ਦੇ ਕਵਾੜ ਖੁੱਲ੍ਹ ਜਾਂਦੇ ਹਨ ॥੬ ॥

**ਭਗਤਿ ਜੁਗਤਿ ਮਤਿ ਸਤਿ ਕਰੀ**

**ਭ੍ਰਮ ਬੰਧਨ ਕਾਟਿ ਬਿਕਾਰ ॥**

ਬ੍ਰਹਮ ਗੁਰੂ ਦੇ ਬ੍ਰਹਮ ਗਿਆਨ (ਜੁਗਤਿ) ਨੂੰ ਭਗਤੀ ਨਾਲ ਦ੍ਰਿੜ ਕਰਕੇ ਵੇਦਾਂ ਪੁਰਾਣਾ ਦੇ ਭਰਮ ਸਾਸ਼ਤਰਾਂ ਦੇ ਬੰਧਨ ਤੇ ਵਿਕਾਰ ਨਸ਼ਟ ਹੋ ਗਏ ਹਨ।

**ਸੋਈ ਬਸਿ ਰਸਿ ਮਨ ਮਿਲੇ**

**ਗੁਨ ਨਿਰਗੁਨ ਏਕ ਬਿਚਾਰ ॥੭ ॥**

ਹੁਣ ਪ੍ਰਭ ਦਾ ਅੰਮ੍ਰਿਤ ਰਸ ਮਨ ਵਿਚ ਵਸ ਗਿਆ ਹੈ ਹੁਣ ਕੇਵਲ ਇਕੋ ਇਕ ਬ੍ਰਹਮ ਦਾ ਗਿਆਨ ਹੀ ਮਨ ਵਿਚ ਹੈ ॥੭ ॥

**ਅਨਿਕ ਜਤਨ ਨਿਗ੍ਰਹ ਕੀਏ**
**ਟਾਰੀ ਨ ਟਰੈ ਭ੍ਰਮ ਫਾਸ ॥**

ਸ਼ਾਸਤਰਾਂ ਅਨੁਸਾਰ ਹੱਠ ਕਰਕੇ ਅਨੇਕਾਂ ਯਤਨ ਕੀਤੇ ਪਰ ਮਨ ਵਿਕਾਰਾਂ ਤੋਂ ਮੁਕਤ ਨਾ ਹੋ ਸਕਿਆ।

**ਪ੍ਰੇਮ ਭਗਤਿ ਨਹੀ ਊਪਜੈ**
**ਤਾ ਤੇ ਰਵਿਦਾਸ ਉਦਾਸ ॥੮॥੧॥**

**(ਪੰਨਾ 346)**

ਨਾ ਹੀ ਪ੍ਰਭ ਪ੍ਰੇਮ ਦੀ ਉਤਪੱਤੀ ਹੋਈ। (ਕਿਉਂਕਿ ਸਾਰੀ ਲੋਕਾਈ ਇਹੀ ਕਰਮਕਾਂਡ ਕਰ ਰਹੀ ਹੈ) ਇਸ ਕਰਕੇ ਮੈਂ ਉਦਾਸ ਹਾਂ (ਪਰ ਬ੍ਰਹਮ ਗੁਰੂ ਦੇ ਬ੍ਰਹਮ ਗਿਆਨ ਨਾਲ ਮੈਂ ਪ੍ਰਭ ਪ੍ਰਾਪਤ ਕਰ ਲਿਆ ਹੈ)॥੮॥੧॥

## ਸ਼ਬਦ = 7

*"ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥*
*ਰਾਗੁ ਆਸਾ ਬਾਣੀ ਭਗਤਾ ਕੀ*
*ਕਬੀਰ ਜੀਉ ਨਾਮਦੇਉ ਜੀਉ ਰਵਿਦਾਸ ਜੀਉ ॥"*

*(ਪੰਨਾ - 475)*



**ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ**
**ੴ ਸਤਿਗੁਰ ਪ੍ਰਸਾਦਿ**

**ਮ੍ਰਿਗ ਮੀਨ ਭ੍ਰਿੰਗ ਪਤੰਗ**
**ਕੁੰਚਰ ਏਕ ਦੋਖ ਬਿਨਾਸ ॥**

ਹਿਰਨ ਨੂੰ ਨਾਦ ਦੇ ਸੰਗੀਤ ਦਾ, ਮੱਛੀ ਨੂੰ ਪਾਣੀ ਦਾ, ਭੌਰੇ ਨੂੰ ਸੁਗੰਧ ਦਾ, ਪਤੰਗੇ ਨੂੰ ਲੋਅ ਦਾ ਅਤੇ ਹਾਥੀ ਨੂੰ ਕਾਮ ਦਾ ਵਿਕਾਰ ਹੈ। ਇਹ ਸਾਰੇ ਇਕ-ਇਕ ਵਿਕਾਰ (ਦੋਸ਼) ਹੋਣ ਕਰਕੇ ਨਸ਼ਟ ਹੋ ਜਾਂਦੇ ਹਨ।

**ਪੰਚ ਦੋਖ ਅਸਾਧ ਜਾ ਮਹਿ**
**ਤਾ ਕੀ ਕੇਤਕ ਆਸ ॥੧॥**

ਪਰ ਮਨੁੱਖ ਵਿਚ ਤਾਂ ਪੰਜੇ ਹੀ ਲਾ-ਇਲਾਜ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਵਿਕਾਰਾਂ ਵਿਚ ਗ੍ਰਸਤ ਹੈ, ਉਸ ਦੇ ਬਚਣ ਦੀ ਕਿੰਨੀ ਕੁ ਆਸ ਹੋ ਸਕਦੀ ਹੈ॥੧॥

**ਮਾਧੋ ਅਬਿਦਿਆ ਹਿਤ ਕੀਨ ॥**
**ਬਿਬੇਕ ਦੀਪ ਮਲੀਨ ॥੧॥ ਰਹਾਉ ॥**

ਹੇ ਪ੍ਰਭ! ਮਨੁੱਖ ਨੇ ਅਗਿਆਨਤਾ ਨਾਲ ਪਿਆਰ ਪਾਇਆ ਹੋਇਆ ਹੈ, ਇਸ ਕਰਕੇ ਇਸ ਦੀ ਬੁੱਧੀ ਦਾ ਦੀਵਾ ਧੁੰਧਲਾ ਹੋ ਗਿਆ ਹੈ॥੧॥ ਰਹਾਉ॥

**ਤ੍ਰਿਗਦ ਜੋਨਿ ਅਚੇਤ ਸੰਭਵ**
**ਪੁੰਨ ਪਾਪ ਅਸੋਚ ॥**

ਟੇਡੀਆਂ ਜੂਨਾਂ (ਪਸ਼ੂ, ਪੰਛੀ, ਕੀੜੇ ਆਦਿ) ਨੂੰ ਵਿਚਾਰਹੀਣ ਹੋਣ ਕਾਰਨ ਪੁੰਨ-ਪਾਪ ਦੀ ਸੋਝੀ ਨਹੀਂ ਹੁੰਦੀ।

**ਮਾਨੁਖਾ ਅਵਤਾਰ ਦੁਲਭ**
**ਤਿਹੀ ਸੰਗਤਿ ਪੋਚ ॥੨॥**

ਪ੍ਰੰਤੂ ਮਨੁੱਖਾ ਜੀਵਨ ਤਾਂ ਬੜਾ ਦੁਰਲੱਭ ਹੈ ਪਰ ਇਸ ਦੀ ਸੰਗਤ ਮਾੜੇ ਵਿਕਾਰਾਂ ਨਾਲ ਹੈ॥੨॥

**ਜੀਅ ਜੰਤ ਜਹਾ ਜਹਾ ਲਗੁ**
**ਕਰਮ ਕੇ ਬਸਿ ਜਾਇ ॥**

ਅਜਿਹੇ ਜੀਵ-ਜੰਤੂ ਕਰਮਾਂ ਅਨੁਸਾਰ ਆਤਮਿਕ ਮੌਤ ਮਰ ਜਾਂਦੇ ਹਨ ਜਿਸ ਨੂੰ ਕੋਈ ਰੋਕ ਨਹੀਂ ਸਕਦਾ।

**ਕਾਲ ਫਾਸ ਅਬਧ ਲਾਗੇ**
**ਕਛੁ ਨ ਚਲੈ ਉਪਾਇ ॥੩॥**

ਕਰਮਾਂ ਅਨੁਸਾਰ ਹੀ ਹੋਰ ਜੂਨਾਂ ਵਿਚ ਜਾ ਪ੍ਰਵੇਸ਼ ਕਰਦੇ ਹਨ॥੩॥

**ਰਵਿਦਾਸ ਦਾਸ ਉਦਾਸ ਤਜੁ ਭ੍ਰਮੁ**
**ਤਪਨ ਤਪੁ ਗੁਰ ਗਿਆਨ ॥**



ਹੇ ਪ੍ਰਭ! ਮੈਂ ਤੇਰਾ ਦਾਸ (ਗੁਰੂ) ਰਵਿਦਾਸ ਵਿਕਾਰਾਂ ਤੋਂ ਉਪਰਾਮ ਤੇਰੇ ਉੱਤਮ ਸਿਮਰਨ ਦੀ ਪ੍ਰਾਪਤੀ ਲਈ ਤਤਪਰ ਹਾਂ।

**ਭਗਤ ਜਨ ਭੈ ਹਰਨ**
**ਪਰਮਾਨੰਦ ਕਰਹੁ ਨਿਦਾਨ ॥੪॥੧॥**

**(ਪੰਨਾ 486)**

ਤੁਸੀਂ ਆਪਣੇ ਭਗਤਾਂ ਦੇ ਭੈਅ ਦੂਰ ਕਰਦੇ ਹੋ, ਮੈਨੂੰ ਵੀ ਇਸ ਤੋਂ ਦੂਰ ਕਰਕੇ ਪਰਮ ਅਨੰਦ ਬਖਸ਼ੋ ਜੀ।॥੪॥੧॥

## ਸ਼ਬਦ = 8

**ਸੰਤ ਤੁਝੀ ਤਨੁ ਸੰਗਤਿ ਪ੍ਰਾਨ ॥**
**ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ ॥੧॥**

ਹੇ ਪ੍ਰਭੂ! ਸੰਤਾਂ ਨੇ ਤੇਰੇ ਬ੍ਰਹਮ ਗਿਆਨ ਨੂੰ ਸਮਝ ਲਿਆ ਹੈ ਕਿ ਸੰਤ ਤੇਰਾ ਤਨ ਹੈ ਤੇ ਸੰਗਤ ਜ਼ਿੰਦ-ਜਾਨ॥੧॥

**ਸੰਤ ਚੀ ਸੰਗਤਿ ਸੰਤ ਕਥਾ ਰਸੁ ॥**
**ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ ॥੧॥ ਰਹਾਉ ॥**

ਮੈਨੂੰ ਸੰਤਾਂ ਦੀ ਸੰਗਤ, ਪ੍ਰਵਚਨਾਂ ਦਾ ਆਨੰਦ ਅਤੇ ਸੰਤਾਂ ਦਾ ਪ੍ਰੇਮ ਬਖਸ਼ੋ ਜੀ॥੧॥ ਰਹਾਉ॥

**ਸੰਤ ਆਚਰਣ ਸੰਤ ਚੋ ਮਾਰਗੁ**
**ਸੰਤ ਚ ਓਲ੍ਗ ਓਲ੍ਗਣੀ ॥੨॥**

ਮੈਨੂੰ ਸੰਤਾਂ ਦਾ ਸਦਾਚਾਰ, ਸੱਚਾ ਮਾਰਗ ਤੇ ਸੰਤਾਂ ਦੀ ਜੂਠ ਮਾਂਜਣ ਦੀ ਸੇਵਾ ਭਾਵ ਅਤਿ ਨਿਮਰਤਾ ਪ੍ਰਦਾਨ ਕਰੋ॥੨॥

**ਅਉਰ ਇਕ ਮਾਗਉ ਭਗਤਿ ਚਿੰਤਾਮਣਿ ॥**
**ਜਣੀ ਲਖਾਵਹੁ ਅਸੰਤ ਪਾਪੀ ਸਣਿ ॥੩॥**

ਇਕ ਹੋਰ ਦਾਤ ਮੰਗਾਂ! ਮੈਨੂੰ ਭਗਤੀ ਰੂਪੀ ਮਣੀ ਬਖਸ਼ੋ ਅਤੇ ਮੈਨੂੰ ਕਦੇ ਵੀ ਪਾਪੀਆਂ ਦੇ ਦਰਸ਼ਨ ਨਾ ਕਰਾਉਣਾ॥੩॥

**ਰਵਿਦਾਸੁ ਭਣੈ ਜੋ ਜਾਣੈ ਸੋ ਜਾਣੁ ॥**
**ਸੰਤ ਅਨੰਤਹਿ ਅੰਤਰੁ ਨਾਹੀ ॥੪॥੨॥**

(ਪੰਨਾ 486)

ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਉਹੀ ਸਿਆਣਾ ਹੈ ਜੋ ਇਹ ਜਾਣਦਾ ਹੈ ਕਿ ਸੰਤਾਂ ਤੇ ਪ੍ਰਭ ਵਿਚ ਕੋਈ ਅੰਤਰ ਨਹੀਂ ਹੈ॥੪॥੨॥



## ਸ਼ਬਦ = 9

**ਤੁਮ ਚੰਦਨ ਹਮ ਇਰੰਡ ਬਾਪੁਰੇ**
**ਸੰਗਿ ਤੁਮਾਰੇ ਬਾਸਾ ॥**

ਹੇ ਪ੍ਰਭ! ਤੁਸੀਂ ਗੁਣਾਂ ਭਰਪੂਰ ਚੰਦਨ ਹੋ ਤੇ ਅਸੀਂ ਨਿਮਾਣੇ ਅਰਿੰਡ ਹਾਂ।

**ਨੀਚ ਰੂਖ ਤੇ ਊਚ ਭਏ ਹੈ**
**ਗੰਧ ਸੁਗੰਧ ਨਿਵਾਸਾ ॥੧॥**

ਸਾਡਾ ਵਾਸਾ ਤੇਰੇ ਨਾਲ ਹੈ ਤੇਰੇ ਨਾਲ ਰਹਿਣ ਕਰਕੇ ਅਸੀਂ ਨੀਵੇਂ ਤੋਂ ਉੱਚੇ ਹੋ ਗਏ ਹਾਂ ਭਾਵ ਸਾਡੇ ਵਿਚ ਤੇਰੇ ਚੰਗੇ ਗੁਣ ਆ ਗਏ ਹਨ॥੧॥

**ਮਾਧਉ ਸਤਸੰਗਤਿ ਸਰਨਿ ਤੁਮ੍ਾਰੀ ॥**
**ਹਮ ਅਉਗਨ ਤੁਮ੍ ਉਪਕਾਰੀ ॥੧॥ ਰਹਾਉ ॥**

ਹੇ ਪ੍ਰਭ! ਮੈਨੂੰ ਆਪਣੀ ਸੰਗਤ ਦੀ ਓਟ ਬਖਸ਼ੋ, ਅਸੀਂ ਔਗੁਣਾਂ ਭਰਪੂਰ ਅਤੇ ਤੁਸੀਂ ਉਪਕਾਰੀ ਹੋ॥੧॥ ਰਹਾਉ॥

**ਤੁਮ ਮਖਤੂਲ ਸੁਪੇਦ ਸਪੀਅਲ**
**ਹਮ ਬਪੁਰੇ ਜਸ ਕੀਰਾ ॥**

ਤੁਸੀਂ ਦੁੱਧ ਵਰਗੇ ਚਿੱਟੇ ਰੇਸ਼ਮ ਹੋ ਤੇ ਅਸੀਂ ਕਾਲੇ

ਪੱਥਰ (ਨਿਮਾਣੇ) ਹਾਂ।

**ਸਤਸੰਗਤਿ ਮਿਲਿ ਰਹੀਐ ਮਾਧਉ**

**ਜੈਸੇ ਮਧੁਪ ਮਖੀਰਾ ॥੨॥**

ਪਰ ਕਿਰਪਾ ਕਰੋ ਕਿ ਮੈਂ ਤੇਰੀ ਸੰਗਤ ਵਿਚ ਸ਼ਹਿਦ ਦੀਆਂ ਮੱਖੀਆਂ ਵਾਂਗ ਰਲ ਮਿਲ ਕੇ ਅਤੇ ਸੰਤ ਸੂਰਮਾ ਬਣ ਕੇ ਰਹਾਂ॥੨॥

**ਜਾਤੀ ਓਛਾ ਪਾਤੀ ਓਛਾ**

**ਓਛਾ ਜਨਮੁ ਹਮਾਰਾ ॥**

ਹੇ ਪ੍ਰਭ ਮਾਇਆ ਦੇ ਦੂਤ ਪੰਜ ਵਿਕਾਰਾਂ ਕਾਰਣ ਮੇਰੀ ਜਾਤ, ਕੁਲ ਅਤੇ ਜਨਮ ਨੀਵਾਂ (ਘਟੀਆ) ਹੋ ਗਿਆ ਹੈ।

**ਰਾਜਾ ਰਾਮ ਕੀ ਸੇਵ ਨ ਕੀਨੀ**

**ਕਹਿ ਰਵਿਦਾਸ ਚਮਾਰਾ ॥੩॥੩॥**

**(ਪੰਨਾ486)**

ਮੈਂ (ਗੁਰੂ) ਰਵਿਦਾਸ ਚਮਾਰ ਨੇ ਤੇਰੀ ਸ਼ਰਨ ਵਿਚ ਆ ਕੇ ਤੇਰੀ ਭਗਤੀ ਤੇਰੀ ਸੇਵਾ ਨਹੀਂ ਕੀਤੀ। (ਸੋ ਹੇ ਪ੍ਰਭ! ਮੈਨੂੰ ਆਪਣੀ ਸਤਿਸੰਗਤ ਦੀ ਦਾਤ, ਭਗਤੀ ਤੇ ਸੇਵਾ ਕਰਨ ਦਾ ਬਲ ਬਖਸ਼ੋ ਤਾਂਕਿ ਮੇਰੀ ਜਾਤ, ਕੁਲ ਅਤੇ ਜੀਵਨ ਉੱਚਾ ਹੋ ਜਾਵੇ)॥੩॥੩॥



## ਸ਼ਬਦ = 10

**ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥**

**ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ ॥੧॥**

ਹੇ ਪ੍ਰਭ! ਮੈਨੂੰ ਕੋਈ ਚਿੰਤਾ ਨਹੀਂ ਭਾਵੇਂ ਮੇਰਾ ਸਰੀਰ ਟੋਟੇ-ਟੋਟੇ ਹੋ ਜਾਵੇ - ਪਰ ਚਿੰਤਾ ਹੈ ਕਿਤੇ ਮੇਰੇ ਮਨ 'ਚੋਂ ਤੇਰਾ ਪ੍ਰੇਮ ਨਾ ਦੂਰ ਹੋ ਜਾਵੇ॥੧॥

**ਤੁਝਹਿ ਚਰਨ ਅਰਬਿੰਦ ਭਵਨ ਮਨੁ ॥**

**ਪਾਨ ਕਰਤ ਪਾਇਓ**

**ਪਾਇਓ ਰਾਮਈਆ ਧਨੁ ॥੧॥ ਰਹਾਉ ॥**

ਮੈਂ ਆਪ ਦੇ ਕਮਲ ਰੂਪੀ ਚਰਨਾਂ - ਭਵਨਾਂ ਵਿਚ ਅੰਮ੍ਰਿਤ ਰਸ ਪੀ-ਪੀ ਰਾਮ ਦੇ ਨਾਮ ਰੂਪੀ ਧਨ ਨੂੰ ਪਾ ਲਿਆ ਹੈ॥੧॥ ਰਹਾਉ॥

**ਸੰਪਤਿ ਬਿਪਤਿ ਪਟਲ ਮਾਇਆ ਧਨੁ ॥**

**ਤਾ ਮਹਿ ਮਗਨ ਹੋਤ ਨ ਤੇਰੋ ਜਨੁ ॥੨॥**

ਹੇ ਪ੍ਰਭ ਤੇਰੇ ਨਾਮ ਸਦਕਾ ਮੈਂ ਤੇਰਾ ਦਾਸ ਸੰਸਾਰ ਦੇ ਬੰਧਨ ਜਿਵੇਂ ਭੋਗ ਵਿਲਾਸ, ਮੁਸ਼ਕਲਾਂ ਦਾ ਡਰ, ਧਨ ਅਤੇ ਮਾਇਆ ਦੇ ਵਿਕਾਰਾਂ ਆਦਿ ਵਿਚ ਮਗਨ ਨਹੀਂ ਹੁੰਦਾ॥੨॥

**ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ ॥**
**ਕਹਿ ਰਵਿਦਾਸ ਛੂਟਿਬੋ ਕਵਨ ਗੁਨ ॥੩॥੪॥**
**(ਪੰਨਾ 486)**

ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਹੇ ਪ੍ਰਭ! ਮੈਂ ਤੇਰੇ ਪ੍ਰੇਮ ਦੀ ਡੋਰ ਨਾਲ ਆਪਣੇ ਆਪ ਨੂੰ ਬੰਨ੍ਹ ਲਿਆ ਹੈ - ਹੁਣ ਮੈਂ ਇਸ ਤੋਂ ਮੁਕਤ ਨਹੀਂ ਹੋਵਾਂਗਾ॥੩॥੪॥

## ਸ਼ਬਦ = 11

**ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ ॥**
**ਹਰਿ ਸਿਮਰਤ ਜਨ ਗਏ**
**ਨਿਸਤਰਿ ਤਰੇ ॥੧॥ ਰਹਾਉ ॥**

ਜਿਨ੍ਹਾਂ ਨੇ ਸਵਾਸ-ਸਵਾਸ ਹਰਿ (ਪ੍ਰਭੂ) ਦਾ ਸਿਮਰਨ ਕੀਤਾ, ਉਹ ਭਵਸਾਗਰ ਤੋਂ ਪਾਰ ਹੋ ਗਏ॥੧॥ ਰਹਾਉ॥

**ਹਰਿ ਕੇ ਨਾਮ ਕਬੀਰ ਉਜਾਗਰ ॥**
**ਜਨਮ ਜਨਮ ਕੇ ਕਾਟੇ ਕਾਗਰ ॥੧॥**

ਹਰਿ ਦਾ ਸਿਮਰਨ ਕਰਕੇ (ਸਤਿਗੁਰ) ਕਬੀਰ ਜੀ ਪ੍ਰਸਿੱਧ ਹੋਏ ਤੇ ਜਨਮਾਂ-ਜਨਮਾਂ ਦੇ ਲੇਖੇ ਮੁੱਕ ਗਏ ਪ੍ਰਭ ਦਾ ਮਿਲਾਪ ਹੋ ਗਿਆ॥੧॥



**ਨਿਮਤ ਨਾਮਦੇਉ ਦੂਧੁ ਪੀਆਇਆ ॥**
**ਤਉ ਜਗ ਜਨਮ ਸੰਕਟ ਨਹੀ ਆਇਆ ॥੨॥**

(ਸਤਿਗੁਰੂ) ਨਾਮਦੇਵ ਜੀ ਨੇ ਪ੍ਰੇਮ ਨਾਲ ਹਰਿ ਦਾ ਨਾਮ ਜਪਿਆ ਅਤੇ ਹਰਿ ਨੂੰ ਦੁੱਧ ਪਿਲਾਇਆ। ਉਹ ਜਨਮਾਂ ਦੇ ਸੰਕਟ ਵਿਚ ਨਹੀਂ ਆਏ॥੨॥

**ਜਨ ਰਵਿਦਾਸ ਰਾਮ ਰੰਗਿ ਰਾਤਾ ॥**
**ਇਉ ਗੁਰ ਪਰਸਾਦਿ**
**ਨਰਕ ਨਹੀ ਜਾਤਾ ॥੩॥੫॥**
**(ਪੰਨਾ 487)**

ਇਸ ਤਰ੍ਹਾਂ ਹਰਿ ਦਾ ਸੇਵਕ (ਗੁਰੂ) ਰਵਿਦਾਸ ਇਕ ਪ੍ਰਭ ਦੇ ਰੰਗ ਵਿਚ ਰੰਗਿਆ ਗਿਆ ਤੇ ਇਕ ਹਰਿ ਨੂੰ ਪ੍ਰਾਪਤ ਕੀਤਾ। ਹੁਣ ਬ੍ਰਹਮ ਗੁਰੂ ਦੀ ਕਿਰਪਾ ਨਾਲ ਨਰਕਾਂ ਭਾਵ ਕਸ਼ਟਾਂ, ਦੁੱਖਾਂ ਤੋਂ ਮੁਕਤੀ ਲਈ ਹੈ॥੩॥੫॥

## ਸ਼ਬਦ = 12

**ਮਾਟੀ ਕੋ ਪੁਤਰਾ ਕੈਸੇ ਨਚਤੁ ਹੈ ॥**
**ਦੇਖੈ ਦੇਖੈ ਸੁਨੈ ਬੋਲੈ**
**ਦਉਰਿਓ ਫਿਰਤੁ ਹੈ ॥੧॥ ਰਹਾਉ ॥**

ਮਿੱਟੀ ਦਾ ਪੁਤਲਾ ਮਨੁੱਖ ਮਾਇਆ ਵਿਚ ਫਸ ਕੇ ਹਾਸੋਹੀਣਾ ਨਾਚ ਨੱਚ ਰਿਹਾ ਹੈ। ਮਨੁੱਖ ਨੂੰ ਚਾਰ ਚੁਫੇਰੇ ਮਾਇਆ ਨੂੰ ਦੇਖਣਾ ਮਾਇਆ ਦੀਆਂ ਗੱਲਾਂ ਕਰਨੀਆਂ, ਸੁਣਨੀਆਂ ਹੀ ਪਸੰਦ ਹਨ ਤੇ ਇਸ ਦੀ ਖ਼ਾਤਰ ਭਟਕਦਾ ਫਿਰਦਾ ਹੈ॥੧॥ ਰਹਾਉ॥

**ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ॥**
**ਮਾਇਆ ਗਈ ਤਬ ਰੋਵਨੁ ਲਗਤੁ ਹੈ॥੧॥**

ਜਦ ਧਨ-ਮਾਲ ਪ੍ਰਾਪਤ ਹੋ ਜਾਂਦਾ ਹੈ ਤਾਂ ਹੰਕਾਰੀ ਬਣ ਜਾਂਦਾ ਹੈ। ਖੁੱਸ ਜਾਵੇ ਤਾਂ ਰੋਣ ਲੱਗਦਾ ਹੈ ਦੁਖੀ ਹੁੰਦਾ ਹੈ॥੧॥

**ਮਨ ਬਚ ਕ੍ਰਮ ਰਸ ਕਸਹਿ ਲੁਭਾਨਾ॥**
**ਬਿਨਸਿ ਗਇਆ ਜਾਇ ਕਹੂੰ ਸਮਾਨਾ॥੨॥**

ਮਨੁੱਖ ਮਨ, ਬਚਨ ਤੇ ਕੰਮਾਂ ਕਰਕੇ ਸੁਆਦਾਂ ਦਾ ਲੋਭੀ ਹੋਇਆ ਪਿਆ ਹੈ। ਪਰ ਜਦੋਂ ਮੌਤ ਆ ਗਈ ਤਾਂ ਪਤਾ ਨਹੀਂ ਕਿੱਥੇ ਟਿਕਾਣਾ ਮਿਲਣਾ ਹੈ॥੨॥

**ਕਹਿ ਰਵਿਦਾਸ ਬਾਜੀ ਜਗੁ ਭਾਈ॥**
**ਬਾਜੀਗਰ ਸਉ ਮੁੋਹਿ ਪ੍ਰੀਤਿ ਬਨਿ ਆਈ॥੩॥੬॥**

**(ਪੰਨਾ 487)**



ਗੁਰੂ ਰਵਿਦਾਸ ਜੀ ਦ੍ਰਿੜ੍ਹ ਕਰਦੇ ਹਨ ਕਿ ਸੰਸਾਰ ਇਕ ਬਾਜ਼ੀ (ਖੇਡ) ਹੈ ਅਤੇ ਮੇਰੀ ਉਸ ਬਾਜ਼ੀਗਰ (ਖੇਡ ਖਿਡਾਉਣ ਵਾਲੇ) (ਪ੍ਰਭ) ਨਾਲ ਪ੍ਰੀਤ ਪੈ ਗਈ ਹੈ ਤੇ ਮੈਂ ਇਸ ਹਾਸੋਹੀਣੇ ਨਾਚ ਅਤੇ ਚੁਫੇਰੇ ਭਟਕਣ ਤੋਂ ਬਚ ਗਿਆ ਹਾਂ॥੩॥੬॥

## ਸ਼ਬਦ = 13

*ਗੂਜਰੀ ਸ੍ਰੀ ਰਵਿਦਾਸ ਜੀ ਕੇ ਪਦੇ ਘਰੁ ੩*
*ੴ ਸਤਿਗੁਰ ਪ੍ਰਸਾਦਿ॥*

**ਦੂਧੁ ਤ ਬਛਰੈ ਥਨਹੁ ਬਿਟਾਰਿਓ॥**
**ਫੂਲੁ ਭਵਰਿ ਜਲੁ ਮੀਨਿ ਬਿਗਾਰਿਓ॥੧॥**

ਗੁਰੂ ਜੀ ਨੇ ਮਨੁੱਖਤਾ ਨੂੰ ਸਮਝਾਇਆ ਹੈ ਕਿ ਸੰਸਾਰ ਦੇ ਪਦਾਰਥਾਂ ਨਾਲ ਪ੍ਰਭ ਦੀ ਪੂਜਾ ਕਰਨਾ ਵਿਅਰਥ ਹੈ ਕਿਉਂਕਿ ਉਹ ਪਦਾਰਥ ਪ੍ਰਭ ਨੂੰ ਅਰਪਣ ਕਰਨ ਦੇ ਯੋਗ ਨਹੀਂ ਅਤੇ ਨਾ ਹੀ ਪ੍ਰਭ ਇਨ੍ਹਾਂ ਦੀ ਮੰਗ ਕਰਦਾ ਹੈ। ਦੁੱਧ ਵੱਛੇ ਨੇ, ਫੁੱਲ ਭੌਰੇ ਨੇ ਅਤੇ ਪਾਣੀ ਮੱਛੀ ਨੇ ਜੂਠਾ ਕਰ ਦਿੱਤਾ ਹੈ॥੧॥

**ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ॥**
**ਅਵਰੁ ਨ ਫੂਲੁ ਅਨੂਪੁ ਨ ਪਾਵਉ॥੧॥ ਰਹਾਉ॥**

ਇਸ ਕਰਕੇ ਹੇ ਮਾਂ ਮੈਂ ਪ੍ਰਭ ਦੀ ਪ੍ਰਭੂ! ਪੂਜਾ ਕਿਸ ਚੀਜ਼ ਨਾਲ ਕਰਾਂ - ਹੋਰ ਸੁੱਚੇ ਫੁੱਲ ਆਦਿ ਤਾਂ ਹੈ ਨਹੀਂ॥੧॥

**ਮੈਲਾਗਰ ਬੇਰ੍ਹੇ ਹੈ ਭੁਇਅੰਗਾ॥**

**ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ॥੨॥**

ਚੰਦਨ ਦੇ ਰੁੱਖਾਂ ਨਾਲ ਸੱਪ ਲਿਪਟੇ ਹਨ ਇਸ ਕਰਕੇ ਉਹ ਜੂਠੇ ਹਨ। ਪਾਣੀ ਵਿਚ ਜ਼ਹਿਰ (ਹਾਈਡਰੋਜਨ) ਅਤੇ ਅੰਮ੍ਰਿਤ (ਆਕਸੀਜਨ) ਇਕੱਠੇ ਹੋਣ ਕਰਕੇ ਤੇਰੀ ਪੂਜਾ ਦੇ ਯੋਗ ਨਹੀਂ ਹੈ॥੨॥

**ਧੂਪ ਦੀਪ ਨਈਬੇਦਹਿ ਬਾਸਾ॥**

**ਕੈਸੇ ਪੂਜ ਕਰਹਿ ਤੇਰੀ ਦਾਸਾ॥੩॥**

ਸੁਗੰਧੀ ਲਏ ਜਾਣ ਕਰਕੇ ਧੂਫ਼, ਦੀਵੇ ਅਤੇ ਪ੍ਰਸ਼ਾਦ ਜੂਠੇ ਹਨ ਇਸ ਕਰਕੇ ਹੇ ਪ੍ਰਭ ਤੇਰਾ ਦਾਸ ਤੇਰੀ ਪੂਜਾ ਕਿਵੇਂ ਕਰੇ?॥੩॥

**ਤਨੁ ਮਨੁ ਅਰਪਉ ਪੂਜ ਚਰਾਵਉ॥**

**ਗੁਰ ਪਰਸਾਦਿ ਨਿਰੰਜਨੁ ਪਾਵਉ॥੪॥**

ਸੋ ਮੈਂ ਆਪਣਾ ਤਨ ਤੇ ਮਨ ਪ੍ਰਭ ਪੂਜਾ ਲਈ ਅਰਪਨ ਕਰਦਾ ਹਾਂ ਅਤੇ ਗੁਰੂ ਦੀ ਕਿਰਪਾ ਨਾਲ ਜਦ ਪ੍ਰਭ ਨੂੰ ਇਹ ਚੜ੍ਹਾਵਾ ਪ੍ਰਵਾਨ ਹੋ ਗਿਆ ਤਦ ਮੈਂ ਪ੍ਰਭ ਨੂੰ ਪ੍ਰਾਪਤ ਕਰ ਸਕਾਂਗਾ॥੪॥



**ਪੂਜਾ ਅਰਚਾ ਆਹਿ ਨ ਤੋਰੀ॥**

**ਕਹਿ ਰਵਿਦਾਸ ਕਵਨ ਗਤਿ ਮੋਰੀ॥੫॥੧॥**

(ਪੰਨਾ 525)

ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਹੇ ਪ੍ਰਭ! ਜੇਕਰ ਤੇਰੀ ਪੂਜਾ ਲਈ ਇਹ ਪਦਾਰਥ (ਦੁੱਧ, ਫੁੱਲ, ਪਾਣੀ, ਚੰਦਨ, ਸੁਗੰਧੀ ਆਦਿ) ਜ਼ਰੂਰੀ ਹੁੰਦੇ ਤਾਂ ਸੁੱਚੇ ਪਦਾਰਥ ਨਾ ਮਿਲਣ ਕਾਰਨ ਮੈਥੋਂ ਤੇਰੀ ਪੂਜਾ ਨਹੀਂ ਸੀ ਹੋ ਸਕਣੀ ਤਦ ਮੇਰਾ ਕੀ ਹਾਲ ਹੁੰਦਾ?॥੫॥੨॥

## ਸ਼ਬਦ = 14

*ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ*

*ੴ ਸਤਿਗੁਰ ਪ੍ਰਸਾਦਿ॥*

**ਜਬ ਹਮ ਹੋਤੇ ਤਬ ਤੂ ਨਾਹੀ**

**ਅਬ ਤੂਹੀ ਮੈ ਨਾਹੀ॥**

ਹੇ ਪ੍ਰਭ! ਜਦੋਂ ਮੇਰੇ ਵਿਚ ਹਉਮੈ ਸੀ ਉਦੋਂ ਤੂੰ ਨਹੀਂ ਸੀ, ਹੁਣ ਹਉਮੈ ਖਤਮ ਹੋ ਗਈ ਹੈ ਤੇ ਮੇਰੇ ਵਿਚ ਤੂੰ ਹੀ ਤੂੰ ਹੈ।

**ਅਨਲ ਅਗਮ ਜੈਸੇ ਲਹਿਰ ਮਇ ਓਦਧਿ**

**ਜਲ ਕੇਵਲ ਜਲ ਮਾਂਹੀ॥੧॥**

ਉਵੇਂ ਜਿਵੇਂ ਸਮੁੰਦਰ 'ਚੋਂ ਉੱਠਦੀਆਂ ਲਹਿਰਾਂ ਸਮੁੰਦਰ ਵਿਚ ਹੀ ਸਮਾ ਜਾਂਦੀਆਂ ਹਨ।

**ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥**
**ਜੈਸਾ ਮਾਨੀਐ ਹੋਇ ਨ ਤੈਸਾ ॥੧॥ ਰਹਾਉ ॥**

ਹੇ ਮਾਧਉ ! ਅਸੀਂ ਸੰਸਾਰ ਨੂੰ ਜਿਸ ਤਰ੍ਹਾਂ ਦਾ ਮੰਨ ਰਹੇ ਹਾਂ ਅਸਲ ਵਿਚ ਉਹ ਇਸ ਪ੍ਰਕਾਰ ਦਾ ਨਹੀਂ ਹੈ। ਸਾਡਾ ਇਹ ਭੁਲੇਖਾ ਹੀ ਹੈ।

**ਨਰਪਤਿ ਏਕੁ ਸਿੰਘਾਸਨਿ ਸੋਇਆ**
**ਸੁਪਨੇ ਭਇਆ ਭਿਖਾਰੀ ॥**

ਇਕ ਰਾਜਾ ਆਪਣੇ ਤਖਤ ਤੇ ਬੈਠਾ ਸੌਂ ਗਿਆ ਤੇ ਉਸ ਨੂੰ ਸੁਪਨਾ ਆਇਆ ਕਿ ਉਹ ਭਿਖਾਰੀ ਬਣ ਗਿਆ ਹੈ।

**ਅਛਤ ਰਾਜ ਬਿਛੁਰਤ ਦੁਖੁ ਪਾਇਆ**
**ਸੋ ਗਤਿ ਭਈ ਹਮਾਰੀ ॥੨॥**

ਭਰਮ ਕਾਰਨ ਜਿਵੇਂ ਰਾਜਾ ਰਾਜ ਭਾਗ ਦੇ ਹੁੰਦਿਆਂ ਹੋਇਆਂ ਵੀ ਸੁਪਨੇ ਵਿਚ ਰਾਜ ਦੇ ਵਿਛੋੜੇ ਦਾ ਦੁੱਖ ਭੋਗਦਾ ਹੈ ਉਵੇਂ ਤੇਰੇ ਨਾਲੋਂ ਵਿਛੜ ਕੇ ਸਾਡਾ ਹਾਲ ਹੋ ਰਿਹਾ ਹੈ।



**ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ**
**ਅਬ ਕਛੁ ਮਰਮੁ ਜਨਾਇਆ ॥**

ਜਿਵੇਂ ਰਾਤ ਨੂੰ ਰੱਸੀ (ਰਾਜ) ਤੋਂ ਸੱਪ (ਭੁਇਅੰਗ) ਸਮਝਣ ਦੇ ਭੁਲੇਖੇ ਦਾ ਪ੍ਰਸੰਗ ਹੈ ਪਰ ਹੁਣ ਇਸ ਦੀ ਕੁਝ ਸਮਝ ਆ ਗਈ ਹੈ।

**ਅਨਿਕ ਕਟਕ ਜੈਸੇ ਭੂਲਿ ਪਰੇ**
**ਅਬ ਕਹਤੇ ਕਹਨੁ ਨ ਆਇਆ ॥੩॥**

ਜਿਵੇਂ ਸੋਨੇ ਤੋਂ ਬਣੇ ਹੋਏ ਕੜੇ ਸੋਨੇ ਤੋਂ ਵੱਖ ਨਹੀਂ ਇਹ ਗੱਲ ਹੁਣ ਕਹਿਣ ਸੁਨਣ ਵਾਲੀ ਨਹੀਂ ਹੈ॥੩॥

**ਸਰਬੇ ਏਕੁ ਅਨੇਕੈ ਸੁਆਮੀ**
**ਸਭ ਘਟ ਭੋੁਗਵੈ ਸੋਈ ॥**

ਜੀਵ ਅਤੇ ਪ੍ਰਮਾਤਮਾਂ ਵਿਚਕਾਰ ਪਏ ਭਰਮਾਂ ਤੋਂ ਮੁਕਤ ਹੋ ਕੇ ਪ੍ਰਭ ਪ੍ਰਾਪਤੀ ਉਪਰੰਤ ਗੁਰੂ ਰਵਿਦਾਸ ਜੀ ਦ੍ਰਿੜ ਹੋ ਕੇ ਪ੍ਰਪੱਕ ਕਰਦੇ ਹਨ। ਪ੍ਰਭ ਇਕ ਹੈ ਅਤੇ ਉਹ ਅਨੇਕਾਂ ਰੂਪ ਧਾਰ ਕੇ ਹਰ ਜੀਵ ਵਿਚ ਆਤਮਿਕ ਅਤੇ ਪਦਾਰਥਕ ਆਨੰਦ ਭੋਗ ਰਿਹਾ ਹੈ।

**ਕਹਿ ਰਵਿਦਾਸ ਹਾਥ ਪੈ ਨੇਰੈ**
**ਸਹਜੇ ਹੋਇ ਸੁ ਹੋਈ ॥੪॥੧॥ (ਪੰਨਾ 657)**

ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਪ੍ਰਭ ਤਾਂ ਹੱਥ ਤੋਂ ਵੀ ਨੇੜੇ ਹੈ ਤੇ ਉਸ ਦੀ ਮਰਜ਼ੀ ਮੁਤਾਬਕ ਸਭ ਕੁਝ ਹੁੰਦਾ ਰਹਿੰਦਾ ਹੈ॥੪॥੧॥

## ਸ਼ਬਦ = 15

**ਜਉ ਹਮ ਬਾਂਧੇ ਮੋਹ ਫਾਸ**

**ਹਮ ਪ੍ਰੇਮ ਬਧਨਿ ਤੁਮ ਬਾਧੇ॥**

ਹੇ ਪ੍ਰਭ! ਜਦੋਂ ਮੈਂ ਮੋਹ ਦੇ ਵਿਕਾਰਾਂ ਵਿਚ ਫਸਿਆ ਸਾਂ ਤਾਂ ਮੈਂ ਤੇਰੀ ਅਰਾਧਨਾ ਕਰਕੇ ਇਨ੍ਹਾਂ ਤੇ ਕਾਬੂ ਪਾ ਲਿਆ। ਹੁਣ ਮੈਂ ਤੈਨੂੰ ਪਕੇਰੇ ਪ੍ਰੇਮ ਬੰਧਨ ਵਿਚ ਬੰਨ ਲਿਆ ਹੈ।

**ਅਪਨੇ ਛੂਟਨ ਕੋ ਜਤਨੁ ਕਰਹੁ**

**ਹਮ ਛੂਟੇ ਤੁਮ ਆਰਾਧੇ॥੧॥**

ਗੁਰੂ ਜੀ ਪ੍ਰਭ ਨੂੰ ਚੁਣੌਤੀ ਦਿੰਦੇ ਫੁਰਮਾਉਂਦੇ ਹਨ ਕਿ ਹੇ ਪ੍ਰਭ ਹੁਣ ਤੁਸੀਂ ਅਸਾਡੇ ਪ੍ਰੇਮ ਬੰਧਨ ਵਿਚੋਂ ਛੁੱਟਣ ਦਾ ਕੋਈ ਯਤਨ ਕਰ ਲਵੋ॥੧॥

**ਮਾਧਵੇ ਜਾਨਤ ਹਹੁ ਜੈਸੀ ਤੈਸੀ॥**

**ਅਬ ਕਹਾ ਕਰਹੁਗੇ ਐਸੀ॥੧॥ ਰਹਾਉ॥**

ਤੁਸੀਂ ਆਪਣੇ ਅਤੇ ਮੇਰੇ ਪ੍ਰੇਮ ਨੂੰ ਤਾਂ ਜਾਣ ਹੀ ਗਏ ਹੋ। ਹੁਣ ਤੁਸੀਂ ਇਸ ਤੋਂ ਮੁਕਤ ਹੋਣ ਲਈ ਕੀ ਕਰੋਗੇ?॥੧॥



**ਮੀਨੁ ਪਕਰਿ ਫਾਂਕਿਓ ਅਰੁ ਕਾਟਿਓ**

**ਰਾਂਧਿ ਕੀਓ ਬਹੁ ਬਾਨੀ॥੧॥**

ਹੇ ਪ੍ਰਭ! ਜਿਵੇਂ ਮੱਛੀ ਖਾਣ ਵਾਲੇ ਨੇ ਮੱਛੀ ਨੂੰ ਪਕੜ ਕੇ ਛੋਟਾ-ਛੋਟਾ ਕਰਕੇ ਕੱਟਿਆ ਤੇ ਕਈ ਤਰੀਕਿਆਂ ਨਾਲ ਰਿੰਨਿਆ।

**ਖੰਡ ਖੰਡ ਕਰਿ ਭੋਜਨੁ ਕੀਨੋ**

**ਤਊ ਨ ਬਿਸਰਿਓ ਪਾਨੀ॥੨॥**

ਮੱਛੀ ਖਾਣ ਵਾਲੇ ਨੇ ਚਬਾ-ਚਬਾ ਕੇ ਖਾਧਾ, ਪਰ ਫਿਰ ਵੀ ਮੱਛੀ ਨੂੰ ਆਪਣਾ ਮੂਲ ਪਾਣੀ ਨਾ ਭੁੱਲਿਆ ਕਿਉਂਕਿ ਮੱਛੀ ਖਾਣ ਵਾਲੇ ਨੂੰ ਜ਼ਿਆਦਾ ਪਿਆਸ ਲਗਾ ਦਿੱਤੀ॥੨॥

**ਆਪਨ ਬਾਪੈ ਨਾਹੀ ਕਿਸੀ ਕੋ**

**ਭਾਵਨ ਕੋ ਹਰਿ ਰਾਜਾ॥**

ਉਹ ਪ੍ਰਭ ਕਿਸੇ ਦੇ ਬਾਪ ਦੀ ਜੱਦੀ ਜਾਇਦਾਦ ਨਹੀਂ, ਉਹ ਤਾਂ ਸਭ ਦਾ ਹੈ ਅਤੇ ਪ੍ਰੇਮ ਦਾ ਬੱਝਾ ਹੈ।

**ਮੋਹ ਪਟਲ ਸਭੁ ਜਗਤੁ ਬਿਆਪਿਓ**

**ਭਗਤ ਨਹੀ ਸੰਤਾਪਾ॥੩॥**

ਇਸ ਪ੍ਰੇਮ ਨੂੰ ਵਿਸਾਰ ਕੇ ਸਾਰਾ ਸੰਸਾਰ ਮੋਹ ਦੀ ਫਾਹੀ ਵਿਚ ਫਸਿਆ ਹੈ, ਪਰ ਤੇਰਾ ਸੇਵਕ ਇਸ ਸੰਤਾਪ ਤੋਂ ਮੁਕਤ ਹੈ॥੩॥

**ਕਹਿ ਰਵਿਦਾਸ ਭਗਤਿ ਇਕ ਬਾਢੀ**
**ਅਬ ਇਹ ਕਾ ਸਿਉ ਕਹੀਐ ॥**

ਗੁਰੂ ਰਵਿਦਾਸ ਜੀ ਪ੍ਰਭ ਨੂੰ ਉਲਾਂਭਾ ਦਿੰਦੇ ਬੇਨਤੀ ਕਰਦੇ ਹਨ ਕਿ ਹੇ ਪ੍ਰਭ! ਮੇਰਾ ਤੇਰੇ ਨਾਲ ਪ੍ਰੇਮ ਐਨਾ ਵਧ ਗਿਆ ਹੈ ਕਿ ਮੈਨੂੰ ਆਪਣਾ ਦੁੱਖ ਕਿਸੇ ਹੋਰ ਨੂੰ ਦੱਸਣ ਦੀ ਲੋੜ ਨਹੀਂ।

**ਜਾ ਕਾਰਨਿ ਹਮ ਤੁਮ ਆਰਾਧੇ**
**ਸੋ ਦੁਖੁ ਅਜਹੂ ਸਹੀਐ ॥੪॥੨॥ (ਪੰਨਾ 658)**

ਪਰ ਤੇਰੀ ਪ੍ਰਾਪਤੀ ਪਿੱਛੋਂ ਵੀ ਮੈਂ ਆਪਣੇ ਸਮਾਜ ਦੀ ਦੁਰਦਸ਼ਾ ਦਾ ਦੁੱਖ ਸਹਿ ਰਿਹਾ ਹਾਂ ॥੪॥੨॥

## ਸ਼ਬਦ = 16

**ਦੁਲਭ ਜਨਮੁ ਪੁੰਨ ਫਲ ਪਾਇਓ**
**ਬਿਰਥਾ ਜਾਤ ਅਬਿਬੇਕੈ ॥**

ਮਨੁੱਖ ਰੂਪੀ ਦੁਰਲਭ ਜਨਮ ਇਹ ਭਲੇ ਕੰਮਾਂ ਦੇ ਫਲ ਵਜੋਂ ਸਾਨੂੰ ਮਿਲਿਆ ਹੈ ਪਰ ਅਗਿਆਨਤਾ ਵਸ ਇਹ ਵਿਅਰਥ ਜਾ ਰਿਹਾ ਹੈ।

**ਰਾਜੇ ਇੰਦ੍ਰ ਸਮਸਰਿ ਗ੍ਰਿਹ ਆਸਨ**
**ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ ॥੧॥**



ਰਾਜੇ ਇੰਦਰ ਵਾਂਗ ਅਸੀਂ ਮਹਿਲ ਉਸਾਰ ਲਏ, ਪਰ ਪ੍ਰਭ ਭਗਤੀ ਬਿਨਾਂ ਇਹ ਕਿਸੇ ਵੀ ਕੰਮ ਦੇ ਨਹੀਂ ॥੧॥

**ਨ ਬੀਚਾਰਿਓ ਰਾਜਾ ਰਾਮ ਕੋ ਰਸੁ ॥**
**ਜਿਹ ਰਸ ਅਨ ਰਸ ਬੀਸਰਿ ਜਾਹੀ ॥੧॥ ਰਹਾਉ ॥**

ਅਸੀਂ ਪ੍ਰਭ-ਭਗਤੀ (ਰਾਜਾ ਰਾਮ) ਦੇ ਰਸ ਦਾ ਆਨੰਦ ਕਦੇ ਵਿਚਾਰਿਆ ਨਹੀਂ, ਜਿਸ ਦੀ ਪ੍ਰਾਪਤੀ ਨਾਲ ਸੰਸਾਰੀ ਰਸ ਭੁੱਲ ਜਾਂਦੇ ਹਨ ॥੧॥ ਰਹਾਉ ॥

**ਜਾਨਿ ਅਜਾਨ ਭਏ ਹਮ ਬਾਵਰ**
**ਸੋਚ ਅਸੋਚ ਦਿਵਸ ਜਾਹੀ ॥**

ਅਸੀਂ ਜਾਣਦੇ ਹੋਏ ਵੀ ਅਨਜਾਣ ਤੇ ਮੂਰਖ ਬਣੇ ਹੋਏ ਹਾਂ ਅਤੇ ਚੰਗੀਆਂ-ਮੰਦੀਆਂ ਸੋਚਾਂ ਵਿਚ ਸਮਾਂ ਬੀਤਦਾ ਜਾ ਰਿਹਾ ਹੈ।

**ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ**
**ਪਰਮਾਰਥ ਪਰਵੇਸ ਨਹੀ ॥੨॥**

ਸਾਡੀਆਂ ਇੰਦਰੀਆਂ ਵਿਕਾਰਾਂ ਪ੍ਰਤੀ ਬਲਵਾਨ ਹੋ ਰਹੀਆਂ ਹਨ। ਬੁੱਧੀ ਨਿਰਬਲ ਹੋ ਰਹੀ ਹੈ। ਸਿੱਟੇ ਵਜੋਂ ਹਿਰਦੇ ਵਿਚ ਚੰਗੀ ਸੋਚ ਦਾਖਲ ਨਹੀਂ ਹੋ ਰਹੀ ॥੨॥

**ਕਹੀਅਤ ਆਨ ਅਚਰੀਅਤ ਅਨ ਕਛੁ**
**ਸਮਝ ਨ ਪਰੈ ਅਪਰ ਮਾਇਆ॥**

ਅਸੀਂ ਕਹਿੰਦੇ ਕੁਝ ਹੋਰ ਅਤੇ ਕਰਦੇ ਕੁਝ ਹੋਰ ਹਾਂ ਅਤੇ ਅਸੀਂ ਸ਼ਕਤੀਸ਼ਾਲੀ ਮਾਇਆ ਨੂੰ ਸਮਝਣ ਤੋਂ ਅਸਮਰੱਥ ਹਾਂ।

**ਕਹਿ ਰਵਿਦਾਸ ਉਦਾਸ ਦਾਸ ਮਤਿ**
**ਪਰਹਰਿ ਕੋਪੁ ਕਰਹੁ ਜੀਅ ਦਇਆ॥੩॥੩॥**

**(ਪੰਨਾ 658)**

ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਹੇ ਪ੍ਰਭ! ਮੇਰੀ ਮੱਤ ਮਾਇਆ ਤੋਂ ਉਪਰਾਮ (ਤਿਆਗ) ਹੈ। ਮੈਨੂੰ ਆਪਣੇ ਕ੍ਰੋਧ ਤੋਂ ਮੁਕਤ ਕਰਕੇ ਮਿਹਰ ਕਰੋ॥੩॥੩॥

## ਸ਼ਬਦ = 17

**ਸੁਖ ਸਾਗਰੁ ਸੁਰਤਰ ਚਿੰਤਾਮਨਿ**
**ਕਾਮਧੇਨੁ ਬਸਿ ਜਾ ਕੇ॥**

ਹੇ ਪੰਡਿਤ! ਤੂੰ ਉਸ ਪ੍ਰਭ ਦਾ ਸਿਮਰਨ ਕਿਉਂ ਨਹੀਂ ਕਰਦਾ। ਜਿਸ ਸੁੱਖਾਂ ਦੇ ਸਾਗਰ ਪ੍ਰਭ ਦੇ ਵਸ ਵਿਚ ਸਵਰਗ ਦੇ ਪੰਜੇ ਰੁੱਖ, ਚਿੰਤਾਮਣੀ ਤੇ ਕਾਮਧੇਨ ਹਨ।



**ਚਾਰਿ ਪਦਾਰਥ ਅਸਟ ਦਸਾ ਸਿਧਿ**
**ਨਵ ਨਿਧਿ ਕਰ ਤਲ ਤਾ ਕੇ॥੧॥**

ਉਸ ਪ੍ਰਭ ਦੇ ਹੀ ਹੱਥ ਦੀ ਤਲੀ 'ਤੇ ਚਾਰ ਪਦਾਰਥ, ਅਠਾਰਾਂ ਸਿੱਧੀਆਂ ਅਤੇ ਨੌ ਖਜ਼ਾਨੇ ਹਨ॥੧॥

**ਹਰਿ ਹਰਿ ਹਰਿ ਨ ਜਪਹਿ ਰਸਨਾ॥**
**ਅਵਰ ਸਭ ਤਿਆਗਿ**
**ਬਚਨ ਰਚਨਾ॥੧॥ ਰਹਾਉ॥**

ਇਸ ਕਰਕੇ ਤੂੰ ਬਾਕੀ ਰਚੇ ਗ੍ਰੰਥਾਂ ਨੂੰ ਛੱਡ ਕੇ ਕੇਵਲ ਪ੍ਰਭ ਦਾ ਸਿਮਰਨ ਹੀ ਕਰ।॥ ਰਹਾਉ॥

**ਨਾਨਾ ਖਿਆਨ ਪੁਰਾਨ ਬੇਦ ਬਿਧਿ**
**ਚਉਤੀਸ ਅਖਰ ਮਾਂਹੀ॥**

ਹੇ ਪੰਡਿਤ! ਪੁਰਾਣਾਂ, ਵੇਦਾਂ ਆਦਿ ਦੀਆਂ ਕਥਾਵਾਂ ਤੇ ਵਿਧੀਆਂ ਦੇਵਨਾਗਰੀ ਦੇ ਚੌਂਤੀ ਅੱਖਰਾਂ ਵਿਚ ਰਚਿਆ ਸਾਹਿਤ ਕੇਵਲ ਵਾਕ ਰਚਨਾ ਹਨ।

**ਬਿਆਸ ਬਿਚਾਰਿ ਕਹਿਓ ਪਰਮਾਰਥੁ**
**ਰਾਮ ਨਾਮ ਸਰਿ ਨਾਹੀ॥੨॥**

ਵੇਦਾਂ ਦੇ ਖੋਜੀ ਵੇਦ ਵਿਆਸ ਜੀ ਨੇ ਵਿਚਾਰ ਕੇ ਇਹ ਸਿੱਟਾ ਕੱਢਿਆ ਹੈ ਕਿ ਇਹ ਤਾਂ ਪ੍ਰਭ ਸਿਮਰਨ ਦੇ

ਬਰਾਬਰ ਵੀ ਨਹੀਂ ਹਨ ॥੨॥

**ਸਹਜ ਸਮਾਧਿ ਉਪਾਧਿ ਰਹਤ ਫੁਨਿ**

**ਬਡੈ ਭਾਗਿ ਲਿਵ ਲਾਗੀ ॥**

ਉਹ ਵੱਡੇ ਭਾਗਾਂ ਵਾਲੇ ਹਨ ਜਿਨ੍ਹਾਂ ਦੀ ਸੁਰਤੀ ਵਿਕਾਰ ਰਹਿਤ ਹੋ ਕੇ, ਆਤਮਕ ਅਡੋਲਤਾ ਵਿਚ ਟਿਕ ਕੇ ਪ੍ਰਭ ਸਿਮਰਨ ਵਿਚ ਲੱਗ ਗਈ ਹੈ।

**ਕਹਿ ਰਵਿਦਾਸ ਪ੍ਰਗਾਸੁ ਰਿਦੈ ਧਰਿ**

**ਜਨਮ ਮਰਨ ਭੈ ਭਾਗੀ ॥੩॥੪॥ (ਪੰਨਾ 658)**

ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਉਨ੍ਹਾਂ ਦੇ ਮਨ ਵਿਚ ਗਿਆਨ ਦਾ ਪ੍ਰਕਾਸ਼ ਹੋ ਗਿਆ ਹੈ ਤੇ ਉਹ ਜਨਮ-ਮਰਨ ਦੇ ਡਰ ਤੋਂ ਮੁਕਤ ਹੋ ਗਏ ਹਨ ॥੩॥੪॥

## ਸ਼ਬਦ = 18

**ਜਉ ਤੁਮ ਗਿਰਿਵਰ ਤਉ ਹਮ ਮੋਰਾ ॥**

**ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ॥੧॥**

ਹੇ ਪ੍ਰਭ! ਜੇਕਰ ਤੁਸੀਂ ਹਰਿਆਲੇ ਪਹਾੜ ਹੋ ਤਾਂ ਮੈਂ ਤੇਰੀ ਉਸ ਹਰਿਆਵਲ ਦੀ ਸੁੰਦਰਤਾ ਦੇਖ ਕੇ ਨੱਚਣ ਵਾਲਾ ਮੋਰ ਹਾਂ। ਜੇਕਰ ਤੁਸੀਂ ਚੰਦ ਹੋ ਤਾਂ ਮੈਂ ਸੀਤਲ, ਪ੍ਰੇਮ ਭਰੇ ਪ੍ਰਕਾਸ਼ ਦਾ ਚਕੋਰ ਹਾਂ ॥੧॥



**ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥**

**ਤੁਮ ਸਿਉ ਤੋਰਿ**

**ਕਵਨ ਸਿਉ ਜੋਰਹਿ ॥੧॥ ਰਹਾਉ ॥**

ਸੋ ਹੇ ਪ੍ਰਭ! ਮੇਰੇ ਨਾਲੋਂ ਆਪਣਾ ਪ੍ਰੇਮ ਨਾ ਤੋੜਨਾ। ਮੈਂ ਤਾਂ ਤੇਰੇ ਨਾਲੋਂ ਤੋੜ ਹੀ ਨਹੀਂ ਸਕਦਾ, ਤੇਰੇ ਨਾਲੋਂ ਤੋੜ ਕੇ ਮੈਂ ਕਿਸ ਨਾਲ ਜੋੜਾਂਗਾ ॥੧॥ ਰਹਾਉ ॥

**ਜਉ ਤੁਮ ਦੀਵਰਾ ਤਉ ਹਮ ਬਾਤੀ ॥**

**ਜਉ ਤੁਮ ਤੀਰਥ ਤਉ ਹਮ ਜਾਤੀ ॥੨॥**

ਜੇ ਤੁਸੀਂ ਚਾਨਣ ਕਰਨ ਵਾਲੇ ਦੀਵਾ ਹੋ ਤਾਂ ਮੈਂ ਉਸ ਵਿਚਲੀ ਬੱਤੀ ਹਾਂ। ਜੇ ਤੁਸੀਂ ਤੀਰਥ ਹੋ ਤਾਂ ਮੈਂ ਉਸ ਦਾ ਯਾਤਰੀ ਹਾਂ ॥੨॥

**ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥**

**ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥੩॥**

ਮੈਂ ਤੁਹਾਡੇ ਨਾਲ ਪੱਕੀ ਪ੍ਰੀਤ ਜੋੜੀ ਹੈ ਤੇ ਹੋਰ ਸਾਰੇ ਭਰਮਾਂ, ਵਿਕਾਰਾਂ ਆਦਿ ਨਾਲੋਂ ਤੋੜ ਲਈ ਹੈ ॥੩॥

**ਜਹ ਜਹ ਜਾਉ ਤਹਾ ਤੇਰੀ ਸੇਵਾ ॥**

**ਤੁਮ ਸੋ ਠਾਕੁਰੁ ਅਉਰੁ ਨ ਦੇਵਾ ॥੪॥**

ਮੈਂ ਜਿੱਥੇ ਵੀ ਜਾਵਾਂਗਾ, ਤੇਰੀ ਹੀ ਸਿਫਤ-ਸਲਾਹ

ਕਰਾਂਗਾ। ਕਿਉਂਕਿ ਦੁਨੀਆ 'ਤੇ ਤੇਰੇ ਵਰਗਾ ਕੋਈ ਭਗਵਾਨ (ਠਾਕਰ) ਜਾਂ ਦੇਵਤਾ ਹੋਰ ਨਹੀਂ ਹੈ॥੪॥

**ਤੁਮਰੇ ਭਜਨ ਕਟਹਿ ਜਮ ਫਾਂਸਾ॥**

**ਭਗਤਿ ਹੇਤ ਗਾਵੈ ਰਵਿਦਾਸਾ॥੫॥੫॥**

**(ਪੰਨਾ 658)**

ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਤੇਰੀ ਭਗਤੀ ਕੀਤਿਆਂ ਜੰਮਾਂ ਦੇ ਬੰਧਨ ਤੋਂ ਮੁਕਤੀ ਮਿਲਦੀ ਹੈ। ਇਸ ਕਰਕੇ ਮੈਂ ਤੇਰੀ ਸਿਫ਼ਤ-ਸਲਾਹ ਵਿਚ ਲੀਨ ਹਾਂ॥੫॥੫॥

## ਸ਼ਬਦ = 19

**ਜਲ ਕੀ ਭੀਤਿ ਪਵਨ ਕਾ ਥੰਭਾ**

**ਰਕਤ ਬੁੰਦ ਕਾ ਗਾਰਾ॥**

**ਹਾਡ ਮਾਸ ਨਾੜੀ ਕੋ ਪਿੰਜਰੁ**

**ਪੰਖੀ ਬਸੈ ਬਿਚਾਰਾ॥੧॥**

ਮਨੁੱਖੀ ਸਰੀਰ ਜਲ ਦੀ ਕੰਧ, ਹਵਾ ਦੀ ਥੰਮੀ, ਮਾਤਾ ਦੀ ਰੱਤ, ਪਿਤਾ ਦੇ ਵੀਰਜ ਦਾ ਗਾਰਾ, ਮਾਸ ਅਤੇ ਨਾੜੀਆਂ ਦਾ ਪਿੰਜਰ ਹੈ ਜਿਸ ਵਿਚ ਆਤਮਾ ਰੂਪੀ ਪੰਛੀ ਵਸ ਰਿਹਾ ਹੈ॥੧॥



**ਪ੍ਰਾਨੀ ਕਿਆ ਮੇਰਾ ਕਿਆ ਤੇਰਾ॥**

**ਜੈਸੇ ਤਰਵਰ ਪੰਖਿ ਬਸੇਰਾ॥੧॥ ਰਹਾਉ॥**

ਹੇ ਪ੍ਰਾਣੀ! ਸੰਸਾਰ ਵਿਚ ਤੇਰਾ ਮੇਰਾ ਕੁਝ ਵੀ ਨਹੀਂ। ਮਨੁੱਖ ਤਾਂ ਰੁੱਖ ਉੱਤੇ ਆਏ ਇਕ ਪੰਛੀ ਦੀ ਨਿਆਂਈ ਹੈ ਜੋ ਦਿਨ ਚੜ੍ਹਨ ਵੇਲੇ ਉੱਡ ਜਾਂਦਾ ਹੈ॥੧॥ ਰਹਾਉ॥

**ਰਾਖਹੁ ਕੰਧ ਉਸਾਰਹੁ ਨੀਵਾਂ॥**

**ਸਾਢੇ ਤੀਨਿ ਹਾਥ ਤੇਰੀ ਸੀਵਾਂ॥੨॥**

ਹੇ ਭਾਈ ਤੂੰ ਡੂੰਘੀਆਂ ਨੀਹਾਂ ਪੁੱਟ ਕੇ ਮਜ਼ਬੂਤ ਮਹਿਲ ਉਸਾਰਦਾ ਹੈਂ, ਤੇਰੇ ਸੌਣ ਲਈ ਤਾਂ ਕੇਵਲ ਸਾਢੇ ਤਿੰਨ ਹੱਥ ਥਾਂ ਦੀ ਜ਼ਰੂਰਤ ਹੈ॥੨॥

**ਬੰਕੇ ਬਾਲ ਪਾਗ ਸਿਰਿ ਡੇਰੀ॥**

**ਇਹੁ ਤਨੁ ਹੋਇਗੋ ਭਸਮ ਕੀ ਢੇਰੀ॥੩॥**

ਹੇ ਜੀਵ ਤੂੰ ਵਾਲਾਂ ਨੂੰ ਸੁੰਦਰ ਬਣਾਉਂਦਾ, ਟੇਢੀ ਪੱਗੜੀ ਬੰਨ੍ਹਦਾ ਹੈਂ ਪਰ ਇਹ ਤਨ ਤਾਂ ਮਿੱਟੀ ਦੀ ਢੇਰੀ ਹੋ ਜਾਣਾ ਹੈ॥੩॥

**ਊਚੇ ਮੰਦਰ ਸੁੰਦਰ ਨਾਰੀ॥**

**ਰਾਮ ਨਾਮ ਬਿਨੁ ਬਾਜੀ ਹਾਰੀ॥੪॥**

ਵੱਡੇ ਭਵਨ ਤੇ ਸੁੰਦਰ ਨਾਰੀ ਵਿਚ ਮਦਹੋਸ਼ ਹੋਇਆ

ਪਿਆ ਹੈਂ, ਤੂੰ ਪ੍ਰਭ ਦੇ ਨਾਮ ਨੂੰ ਵਿਸਾਰ ਕੇ ਸਾਰਾ ਜੀਵਨ ਅਜਾਂਈ ਗੁਆ ਲਿਆ ਹੈ॥੪॥

**ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ**
**ਓਛਾ ਜਨਮੁ ਹਮਾਰਾ॥**

ਹੇ ਪ੍ਰਭ! ਮੇਰੀ ਜਾਤਿ ਭਾਵ ਮੇਰਾ ਵਿਕਾਰਾਂ ਵਾਲਾ ਸੁਭਾਅ ਘਟੀਆ ਬਣ ਗਿਆ ਅਤੇ ਵਿਕਾਰਾਂ ਦੀ ਪਾਂਤਿ ਭਾਵ ਵੰਸ (ਕੁਲ) ਮਾਇਆ ਜੋ ਕਿ ਅੱਤ ਦਰਜੇ ਦੀ ਘਟੀਆ ਹੈ। ਜਿਸ ਨੇ ਮੇਰਾ ਸਮੁੱਚਾ ਜੀਵਨ ਓਛਾ (ਘਟੀਆ) ਬਣਾ ਦਿੱਤਾ ਹੈ।

**ਤੁਮ ਸਰਨਾਗਤਿ ਰਾਜਾ ਰਾਮ ਚੰਦ**
**ਕਹਿ ਰਵਿਦਾਸ ਚਮਾਰਾ॥੫॥੬॥ (ਪੰਨਾ 659)**

(ਗੁਰੂ) ਰਵਿਦਾਸ ਚਮਾਰ ਆਖਦਾ ਹੈ ਕਿ ਹੇ ਸ੍ਰਿਸ਼ਟੀ ਦੇ ਪਾਤਸ਼ਾਹ (ਰਾਜਾ) ਸੋਹਣੇ (ਚੰਦ) ਪ੍ਰਮਾਤਮਾ (ਰਾਮ) ਭਾਵ ਹੇ ਪ੍ਰਭ! ਮੈਂ ਹੁਣ ਤੇਰੀ ਸ਼ਰਨ ਵਿਚ ਆ ਗਿਆ ਹਾਂ॥੫॥੬॥

## ਸ਼ਬਦ = 20

**ਚਮਰਟਾ ਗਾਂਠਿ ਨ ਜਨਈ॥**
**ਲੋਗੁ ਗਠਾਵੈ ਪਨਹੀ॥੧॥ ਰਹਾਉ॥**

ਮੈਂ ਚਮਾਰ, ਸਰੀਰ ਰੂਪੀ ਜੁੱਤੀ ਨੂੰ ਗੰਢਣਾ ਭਾਵ



ਪਦਾਰਥਾਂ ਨਾਲ ਸਾਂਝ ਪਾਉਣਾ ਨਹੀਂ ਜਾਣਦਾ, ਲੋਕ ਮੇਰੇ ਕੋਲੋਂ ਸਰੀਰ ਰੂਪੀ ਜੁੱਤੀ ਗੰਢਾਉਣ ਆਉਂਦੇ ਹਨ ਪਰ ਮੈਂ ਕੇਵਲ ਪ੍ਰਭ ਨਾਲ ਜੋੜਨ ਦਾ ਧੰਦਾ ਕਰਦਾ ਹਾਂ॥੧॥

**ਆਰ ਨਹੀ ਜਿਹ ਤੋਪਉ॥**
**ਨਹੀ ਰਾਂਬੀ ਠਾਉ ਰੋਪਉ॥੧॥**

ਮੇਰੇ ਕੋਲ ਤਿੱਖੀ ਆਰ (ਵਿਕਾਰਾਂ ਵਾਲੀ ਤਿੱਖੀ ਬੁੱਧੀ) ਨਹੀਂ ਜਿਸ ਨਾਲ ਮੈਂ ਧੋਖੇਬਾਜੀ ਦਾ ਤ੍ਰੋਪਾ ਭਰਨਾ ਸਿਖਾਵਾਂ। ਨਾ ਹੀ ਰੰਬੀ (ਭਾਵ ਖੰਡਨ ਮੰਡਨ ਕਰਨ ਵਾਲੀ ਵਿਦਿਆ ਹੈ) ਹੈ ਜਿਸ ਨਾਲ ਮੈਂ ਉਲਟੀਆਂ-ਸਿਧੀਆਂ ਗੱਲਾਂ ਕਰਕੇ ਟਾਕੀਆਂ ਲਾਵਾਂ ਭਾਵ ਲੋਕਾਂ ਨੂੰ ਠੱਗਾਂ॥੧॥

**ਲੋਗੁ ਗੰਠਿ ਗੰਠਿ ਖਰਾ ਬਿਗੂਚਾ॥**
**ਹਉ ਬਿਨੁ ਗਾਂਠੇ ਜਾਇ ਪਹੂਚਾ॥੨॥**

ਲੋਕ ਸਰੀਰ ਨੂੰ ਪਦਾਰਥਕ ਲਾਲਚਾਂ ਨਾਲ ਗੰਢ-ਗੰਢ ਕੇ ਖੁਆਰ ਹੋ ਰਹੇ ਹਨ ਪਰ ਮੈਂ ਸਰੀਰ ਨੂੰ ਇਸ ਤਰ੍ਹਾਂ ਗੰਢਣਾ ਤਿਆਗ ਕੇ ਹੀ ਪ੍ਰਭ ਤੱਕ ਪਹੁੰਚਿਆ ਹਾਂ॥੨॥

**ਰਵਿਦਾਸੁ ਜਪੈ ਰਾਮ ਨਾਮਾ॥**
**ਮੋਹਿ ਜਮ ਸਿਉ ਨਾਹੀ ਕਾਮਾ॥੩॥੭॥**

**(ਪੰਨਾ 659)**

ਗੁਰੂ ਰਵਿਦਾਸ ਜੀ ਦ੍ਰਿੜ੍ਹ ਕਰਦੇ ਹਨ ਕਿ ਮੈਂ ਪਦਾਰਥਕ ਲਾਲਚਾਂ ਨੂੰ ਤਿਆਗ ਕੇ ਪ੍ਰਭ ਸਿਮਰਨ ਵਿਚ ਮਗਨ ਹਾਂ। ਮੇਰਾ ਜੰਮਾਂ ਨਾਲ ਕੋਈ ਵਾਸਤਾ ਨਹੀਂ ਹੈ॥੩॥੭॥

## ਸ਼ਬਦ = 21

*ਧਨਾਸਰੀ ਭਗਤ ਰਵਿਦਾਸ ਜੀ ਕੀ*

*ੴ ਸਤਿਗੁਰ ਪ੍ਰਸਾਦਿ॥*

**ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ**

**ਅਬ ਪਤੀਆਰੁ ਕਿਆ ਕੀਜੈ॥**

ਹੇ ਪ੍ਰਭ! ਮੇਰੇ ਜਿਹਾ ਕੋਈ ਨਿਮਾਣਾ ਨਹੀਂ ਤੇ ਤੇਰੇ ਜਿਹਾ ਕੋਈ ਦਿਆਲੂ ਨਹੀਂ ਹੈ। ਹੁਣ ਤੁਸੀਂ ਮੇਰੀ ਪਰਖ ਨਾ ਲਉ।

**ਬਚਨੀ ਤੋਰ ਮੋਰ ਮਨੁ ਮਾਨੈ**

**ਜਨ ਕਉ ਪੂਰਨੁ ਦੀਜੈ॥੧॥**

ਹੇ ਪ੍ਰਭ! ਤੁਹਾਡੇ ਬ੍ਰਹਮ ਵਿਚਾਰ ਮੇਰੇ ਮਨ ਨੂੰ ਭਾਉਂਦੇ ਹਨ, ਸੇਵਕ ਨੂੰ ਪੂਰਨ ਗਿਆਨ ਬਖਸ਼ੋ ਜੀ॥੧॥

**ਹਉ ਬਲਿ ਬਲਿ ਜਾਉ ਰਮਈਆ ਕਾਰਨੇ॥**

**ਕਾਰਨ ਕਵਨ ਅਬੋਲ॥ ਰਹਾਉ॥**



ਹੇ ਪ੍ਰਭ! ਮੈਂ ਤੇਰੇ ਤੋਂ ਬਲਿਹਾਰੇ ਜਾਂਦਾ ਹਾਂ ਪਰ ਕੀ ਕਾਰਨ ਹੈ ਕਿ ਤੁਸੀਂ ਮੇਰੇ ਨਾਲ ਗੱਲ ਨਹੀਂ ਕਰਦੇ॥੧॥

**ਬਹੁਤ ਜਨਮ ਬਿਛੁਰੇ ਥੇ ਮਾਧਉ**

**ਇਹੁ ਜਨਮੁ ਤੁਮ੍ਹਾਰੇ ਲੇਖੇ॥**

ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਹੇ ਪ੍ਰਭ! ਬਹੁਤ ਜਨਮ ਹੋ ਗਏ ਤੁਹਾਡੇ ਤੋਂ ਵਿਛੜੇ ਨੂੰ। ਇਹ ਜਨਮ ਮੈਂ ਤੁਹਾਡੇ ਲੇਖੇ ਲਾ ਦਿੱਤਾ ਹੈ।

**ਕਹਿ ਰਵਿਦਾਸ ਆਸ ਲਗਿ ਜੀਵਉ**

**ਚਿਰ ਭਇਓ ਦਰਸਨੁ ਦੇਖੇ॥੨॥੧॥**

**(ਪੰਨਾ 694)**

ਬਹੁਤ ਸਮਾਂ ਹੋ ਗਿਆ ਤੁਹਾਡੇ ਦਰਸ਼ਨ ਕੀਤਿਆਂ। ਮੈਂ ਇਸੇ ਆਸ ਨਾਲ ਜੀਅ ਰਿਹਾ ਹਾਂ ਕਿ ਕਦੋਂ ਤੁਹਾਡੇ ਦਰਸ਼ਨ ਹੋਣ॥੨॥੧॥

## ਸ਼ਬਦ = 22

**ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ**

**ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ॥**

ਹੇ ਪ੍ਰਭ! ਮੇਰਾ ਚਿੱਤ ਤੇਰਾ ਸਿਮਰਨ ਅਤੇ ਮੇਰੀਆਂ

ਅੱਖਾਂ ਤੇਰਾ ਦਰਸ਼ਨ ਕਰਦੀਆਂ ਰਹਿਣ। ਮੇਰੇ ਕੰਨ ਤੇਰੇ ਵਿਚਾਰ ਵਾਲੀ ਬਾਣੀ ਨਾਲ ਭਰਪੂਰ ਰਹਿਣ।

**ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ**
**ਰਸਨ ਅੰਮ੍ਰਿਤ ਰਾਮ ਨਾਮ ਭਾਖਉ ॥੧॥**

ਮੇਰਾ ਮਨ ਭੌਰਾ ਬਣਿਆ ਰਹੇ, ਤੇਰੇ ਵਿਚਾਰ ਮੇਰੇ ਹਿਰਦੇ ਵਿਚ ਟਿਕੇ ਰਹਿਣ ਅਤੇ ਮੇਰੀ ਜੀਭਾ ਤੇਰੀ ਅੰਮ੍ਰਿਤ ਬਾਣੀ ਰਾਹੀਂ ਪ੍ਰਭ ਨਾਮ ਉਚਾਰਦੀ ਰਹੇ ॥੧॥

**ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ ॥**
**ਮੈ ਤਉ ਮੋਲਿ ਮਹਗੀ ਲਈ**
**ਜੀਅ ਸਟੈ ॥੧॥ ਰਹਾਉ ॥**

ਮੇਰੀ ਪ੍ਰੀਤ ਪ੍ਰਭ ਨਾਲੋਂ ਕਿਤੇ ਘੱਟ ਨਾ ਜਾਵੇ ਕਿਉਂਕਿ ਮੈਂ ਬਹੁਤ ਮਹਿੰਗੀ (ਆਪਣੇ ਜੀਵਨ ਬਦਲੇ) ਲਈ ਹੈ। ਹੇ ਪ੍ਰਭ! ਮੇਰੇ ਇਸ ਪ੍ਰੀਤ ਦੀ ਰੱਖਿਆ ਕਰਨਾ ॥੧॥ ਰਹਾਉ ॥

**ਸਾਧਸੰਗਤਿ ਬਿਨਾ ਭਾਉ ਨਹੀ ਊਪਜੈ**
**ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥**

ਹੇ ਪ੍ਰਭ! ਇਹ ਪ੍ਰੀਤ ਸਾਧ ਸੰਗਤ ਤੋਂ ਬਿਨਾਂ ਪੈਦਾ ਨਹੀਂ ਹੁੰਦੀ ਅਤੇ ਭਾਵ (ਗਿਆਨ) ਤੋਂ ਬਿਨਾਂ ਤੇਰੀ ਭਗਤੀ ਨਹੀਂ ਹੋ ਸਕਦੀ।



**ਕਹੈ ਰਵਿਦਾਸੁ ਇਕ ਬੇਨਤੀ ਹਰਿ ਸਿਉ**
**ਪੈਜ ਰਾਖਹੁ ਰਾਜਾ ਰਾਮ ਮੇਰੀ ॥੨॥੨॥**

**(ਪੰਨਾ 694)**

ਗੁਰੂ ਰਵਿਦਾਸ ਜੀ ਬੇਨਤੀ ਕਰਦੇ ਹਨ ਕਿ ਹੇ ਪ੍ਰਭ! ਮੈਂ ਕੇਵਲ ਆਪ ਨਾਲ ਪ੍ਰੀਤ ਪਾਈ ਹੈ, ਤੁਸੀਂ ਉਸ ਦਾ ਮਾਣ ਰੱਖਣਾ ॥੨॥੨॥

## ਸ਼ਬਦ = 23

**ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥**
**ਹਰਿ ਕੇ ਨਾਮ ਬਿਨੁ**
**ਝੂਠੇ ਸਗਲ ਪਾਸਾਰੇ ॥੧॥ ਰਹਾਉ ॥**

ਗੁਰੂ ਰਵਿਦਾਸ ਜੀ ਪ੍ਰਚੱਲਿਤ ਆਰਤੀ ਦੀ ਥਾਂ ਆਪਣੀ ਨਵੀਂ ਨਰੋਈ ਵਿਸ਼ਵ ਵਿਆਪੀ ਆਰਤੀ ਮਨੁੱਖਤਾ ਨੂੰ ਪ੍ਰਦਾਨ ਕਰਦੇ ਫੁਰਮਾਉਂਦੇ ਹਨ ਕਿ ਹੇ ਹਰੀ ਪ੍ਰਭ! ਅੰਞਾਣ ਲੋਕ ਮੂਰਤੀਆਂ ਦੀ ਆਰਤੀ ਉਤਾਰਦੇ ਹਨ ਪਰ ਮੇਰੇ ਲਈ ਤੇਰੇ ਨਾਮ ਹੀ ਆਰਤੀ ਹੈ (ਨਾਮ ਦੇ ਅਰਥ ਹਨ – ਪ੍ਰਮਾਤਮਾ ਅਤੇ ਉਸ ਦਾ ਹੁਕਮ, ਪ੍ਰਮਾਤਮਾ ਨੂੰ ਅੰਗੀਕਾਰ ਕਰਨਾ, ਉਸ ਦਾ ਸਿਮਰਨ ਕਰਨਾ, ਚੇਤਾ ਕਰਨਾ) ਅਤੇ ਸਿਮਰਨ ਹੀ ਤੀਰਥਾਂ ਦਾ ਇਸ਼ਨਾਨ ਹੈ।

ਤੇਰੇ ਨਾਮ ਤੋਂ ਬਿਨਾਂ ਸਭ ਝੂਠ ਦਾ ਪਾਸਾਰਾ ਅਤੇ ਲੋਕ ਵਿਖਾਵਾ ਹੈ॥੧॥ ਰਹਾਉ॥

**ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ**
**ਨਾਮੁ ਤੇਰਾ ਕੇਸਰੋ ਲੇ ਛਿਟਕਾਰੇ॥**

ਮੇਰੇ ਲਈ ਤੇਰਾ ਨਾਮ ਹੀ ਆਸਣ, ਚੰਦਨ ਪੀਹਣ ਦਾ ਪੱਥਰ ਤੇ ਨਾਮ ਹੀ ਕੇਸਰ ਦੇ ਛਿੱਟੇ ਦੇਣਾ ਹੈ।

**ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ**
**ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ॥੧॥**

ਤੇਰੇ ਨਾਮ ਦਾ ਜਾਪ ਹੀ ਮੇਰੇ ਲਈ ਜਲ, ਚੰਦਨ ਹੈ ਤੇ ਮੈਂ ਨਾਮ ਰੂਪੀ ਜਲ ਅਤੇ ਚੰਦਨ ਘਸਾ ਕੇ ਤੈਨੂੰ ਚੜ੍ਹਾਉਂਦਾ ਹਾਂ॥੧॥

**ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ**
**ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ॥**

ਹੇ ਪ੍ਰਭ ਤੇਰਾ ਨਾਮ ਹੀ ਦੀਵਾ ਅਤੇ ਉਸ ਵਿਚਲੀ ਬੱਤੀ ਹੈ। ਤੇਰਾ ਨਾਮ ਰੂਪੀ ਤੇਲ ਹੀ ਮੈਂ ਉਸ ਦੀਵੇ ਵਿਚ ਪਾਉਂਦਾ ਹਾਂ।

**ਨਾਮ ਤੇਰੇ ਕੀ ਜੋਤਿ ਲਗਾਈ**
**ਭਇਓ ਉਜਿਆਰੋ ਭਵਨ ਸਗਲਾਰੇ॥੨॥**



ਇਸ ਤਰ੍ਹਾਂ ਮੈਂ ਤੇਰੇ ਨਾਮ ਦੀ ਹੀ ਜੋਤ ਜਗਾਈ ਹੈ ਜਿਸ ਨਾਲ ਸਾਰੇ ਬ੍ਰਹਿਮੰਡ ਵਿਚ ਪ੍ਰਕਾਸ਼ ਹੋ ਗਿਆ ਹੈ॥੨॥

**ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ**
**ਭਾਰ ਅਠਾਰਹ ਸਗਲ ਜੂਠਾਰੇ॥**

ਤੇਰਾ ਨਾਮ ਹੀ ਧਾਗਾ ਅਤੇ ਫੁੱਲਾਂ ਦੀ ਮਾਲਾ ਹੈ। ਇਸ ਦੇ ਟਾਕਰੇ ਸਾਰੀ ਬਨਸਪਤੀ ਦੇ ਅਠਾਰਾਂ ਭਾਰ ਜੂਠੇ ਹਨ।

**ਤੇਰੋ ਕੀਆ ਤੁਝਹਿ ਕਿਆ ਅਰਪਉ**
**ਨਾਮੁ ਤੇਰਾ ਤੁਹੀ ਚਵਰ ਢੋਲਾਰੇ॥੩॥**

ਹੇ ਪ੍ਰਭ! ਮੈਂ ਤੇਰੀ ਹੀ ਪੈਦਾ ਕੀਤੀ ਸਮੱਗਰੀ ਤੈਨੂੰ ਹੀ ਕਿਵੇਂ ਭੇਟ ਕਰਾਂ? ਜੇਕਰ ਮੈਂ ਤੇਰੀ ਪੈਦਾ ਕੀਤੀ ਸਮੱਗਰੀ ਤੈਨੂੰ ਹੀ ਭੇਟ ਕਰਦਾ ਹਾਂ ਤਾਂ ਮੈਂ ਆਪਣੇ ਕੋਲੋਂ ਕੀ ਅਰਪਣ ਕੀਤਾ? ਇਸ ਕਰਕੇ ਮੈਂ ਤੈਨੂੰ ਤੇਰੇ ਨਾਮ ਦਾ ਚੌਰ ਹੀ ਝੁਲਾਉਂਦਾ ਹਾਂ॥੩॥

**ਦਸ ਅਠਾ ਅਠਸਠੇ ਚਾਰੇ ਖਾਣੀ**
**ਇਹੈ ਵਰਤਣਿ ਹੈ ਸਗਲ ਸੰਸਾਰੇ॥**

ਸਾਰਾ ਸੰਸਾਰ ਅਠਾਰਾਂ ਪੁਰਾਣਾਂ, ਅਠਾਹਟ ਤੀਰਥਾਂ ਦੇ ਇਸ਼ਨਾਨਾਂ ਨੂੰ ਪੁੰਨ ਕਰਮ ਸਮਝ ਕੇ ਪੈਦਾਇਸ਼ ਦੇ ਚਾਰ ਸੋਮਿਆਂ ਦੀਆਂ ਜੂਨਾਂ ਵਿਚ ਭਟਕ ਰਿਹਾ ਹੈ।

**ਕਹੈ ਰਵਿਦਾਸੁ ਨਾਮੁ ਤੇਰੋ ਆਰਤੀ**

**ਸਤਿ ਨਾਮੁ ਹੈ ਹਰਿ ਭੋਗ ਤੁਹਾਰੇ ॥੪॥੩॥**

**(ਪੰਨਾ 694)**

ਪ੍ਰੰਤੂ ਗੁਰੂ ਰਵਿਦਾਸ ਜੀ ਦ੍ਰਿੜ੍ਹ ਕਰਦੇ ਹਨ ਕਿ ਹੇ ਪ੍ਰਭ! ਮੇਰੇ ਲਈ ਤੇਰਾ ਨਾਮ ਹੀ ਸੱਚੀ ਆਰਤੀ ਹੈ ਅਤੇ ਮੈਂ ਸਤਿਨਾਮ ਦੇ ਸਿਮਰਨ ਦਾ ਹੀ ਤੈਨੂੰ ਭੋਗ ਲਗਾਉਂਦਾ ਹਾਂ ॥੪॥੩॥

## ਸ਼ਬਦ = 24

*ਜੈਤਸਰੀ ਬਾਣੀ ਭਗਤਾ ਕੀ*

*ੴ ਸਤਿਗੁਰ ਪ੍ਰਸਾਦਿ ॥*

**ਨਾਥ ਕਛੂਅ ਨ ਜਾਨਉ ॥**

**ਮਨੁ ਮਾਇਆ ਕੈ ਹਾਥਿ ਬਿਕਾਨਉ ॥੧॥ ਰਹਾਉ ॥**

ਹੇ ਪ੍ਰਭ! ਮੈਂ ਅਗਿਆਨੀ ਹਾਂ ਕਿਉਂਕਿ ਮੇਰਾ ਮਨ ਮਾਇਆ ਦੇ ਹੱਥੋਂ ਵਿਕਿਆ ਹੈ ॥੧॥ ਰਹਾਉ ॥

**ਤੁਮ ਕਹੀਅਤ ਹੌ ਜਗਤ ਗੁਰ ਸੁਆਮੀ ॥**

**ਹਮ ਕਹੀਅਤ ਕਲਿਜੁਗ ਕੇ ਕਾਮੀ ॥੧॥**

ਹੇ ਪ੍ਰਭ ਜੀ! ਤੁਸੀਂ ਜਗਤ ਦੇ ਗੁਰੂ ਅਤੇ ਮਾਲਕ ਕਹੇ



ਜਾਂਦੇ ਹੋ ਤੇ ਅਸੀਂ ਕਲਿਜੁਗੀ ਭਾਵ ਤੇਰੀ ਯਾਦ ਨੂੰ ਵਿਸਾਰ ਕੇ ਸਮਾਂ ਬਿਤਾਉਣ ਵਾਲੇ ਵਿਸ਼ਈ ਜੀਵ ਹਾਂ ॥੧॥

**ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥**

**ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ॥੨॥**

ਕਾਮ ਆਦਿਕ ਇਨ੍ਹਾਂ ਪੰਜਾਂ ਵਿਕਾਰਾਂ ਨੇ ਮੇਰਾ ਮਨ ਵਿਗਾੜ ਦਿੱਤਾ ਹੈ ਜੋ ਹਰ ਪਲ ਮੈਨੂੰ ਤੈਥੋਂ ਦੂਰ ਕਰ ਰਹੇ ਹਨ ॥੨॥

**ਜਤ ਦੇਖਉ ਤਤ ਦੁਖ ਕੀ ਰਾਸੀ ॥**

**ਅਜੌਂ ਨ ਪਤ੍ਯਾਇ ਨਿਗਮ ਭਏ ਸਾਖੀ ॥੩॥**

ਮੈਂ ਜਿੱਧਰ ਵੀ ਦੇਖਦਾ ਹਾਂ, ਵਿਕਾਰਾਂ ਦੀ ਵਿਕਰਾਲ ਸ਼ਕਤੀ ਕਾਰਨ ਸਾਰੀ ਲੋਕਾਈ ਦੁਖੀ ਹੈ ਫਿਰ ਵੀ ਮੈਨੂੰ ਯਕੀਨ ਨਹੀਂ ਹੁੰਦਾ ਭਾਵੇਂ ਵੇਦ ਸ਼ਾਸ਼ਤਰਾਂ ਦੀਆਂ ਸਾਖੀਆਂ ਇਸ ਦੀ ਗਵਾਹੀ ਭਰਦੀਆਂ ਹਨ ॥੩॥

**ਗੋਤਮ ਨਾਰਿ ਉਮਾਪਤਿ ਸ੍ਵਾਮੀ ॥**

**ਸੀਸੁ ਧਰਨਿ ਸਹਸ ਭਗ ਗਾਂਮੀ ॥੪॥**

ਇਨ੍ਹਾਂ ਵਿਕਾਰਾਂ ਵਿਚ ਫਸ ਕੇ ਇੰਦਰ ਨੇ ਗੌਤਮ ਰਿਸ਼ੀ ਦੀ ਪਤਨੀ ਅਹਿੱਲਿਆ ਨਾਲ ਵਿਭਚਾਰ ਕੀਤਾ, ਗੌਤਮ ਦੇ ਸਰਾਪ ਨਾਲ ਇੰਦਰ ਦੇ ਸਰੀਰ 'ਤੇ ਹਜ਼ਾਰਾਂ

ਭਗ (ਇਸਤਰੀ ਦੇ ਗੁਪਤ ਅੰਗ) ਫੁੱਟ ਪਏ। ਭਗਵਾਨ ਬ੍ਰਹਮਾ ਕਾਮ ਵਿਚ ਆਪਣੀ ਹੀ ਧੀ 'ਤੇ ਮੋਹਿਤ ਹੋਇਆ ਅਤੇ ਭਗਵਾਨ ਸ਼ਿਵ ਨੇ ਕ੍ਰੋਧ ਵਿਚ ਬ੍ਰਹਮਾਂ ਦਾ ਸਿਰ ਕੱਟ ਦਿੱਤਾ॥੪॥

**ਇਨ ਦੂਤਨ ਖਲੁ ਬਧੁ ਕਰਿ ਮਾਰਿਓ॥**

**ਬਡੋ ਨਿਲਾਜੁ ਅਜਹੂ ਨਹੀ ਹਾਰਿਓ॥੫॥**

ਭਾਵੇਂ ਉਪਰੋਕਤ ਵਰਨਣ ਦੇਵਤਿਆਂ ਆਦਿ ਦੇ ਵਿਕਾਰਾਂ ਤੋਂ ਖੁਆਰ ਹੋਣ ਦਾ ਪਤਾ ਲੱਗ ਗਿਆ ਹੈ ਕਿ ਦੁਸ਼ਟ ਵਿਕਾਰ ਜੀਵ ਨੂੰ ਕੋਹ-ਕੋਹ ਕੇ ਮਾਰਦੇ ਹਨ ਪਰ ਫਿਰ ਵੀ ਮੇਰਾ ਮਨ ਵੱਡਾ ਨਿਰਲੱਜ ਹੈ ਕਿ ਇਹ ਅਜੇ ਤੱਕ ਹਾਰ ਨਹੀਂ ਮੰਨਦਾ॥੫॥

**ਕਹਿ ਰਵਿਦਾਸ ਕਹਾ ਕੈਸੇ ਕੀਜੈ॥**

**ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ॥੬॥੧॥**

**(ਪੰਨਾ 710)**

ਗੁਰੂ ਰਵਿਦਾਸ ਜੀ ਕਹਿੰਦੇ ਹਨ ਕਿ ਇਨ੍ਹਾਂ ਵਿਕਾਰਾਂ ਤੋਂ ਮੁਕਤੀ ਪਾਉਣ ਲਈ ਕੀ ਕਰਾਂ, ਕਿੱਥੇ ਜਾਵਾਂ? ਫਿਰ ਆਪ ਹੀ ਉੱਤਰ ਦਿੰਦੇ ਹਨ ਕਿ ਇਕ ਬ੍ਰਹਮ ਗੁਰੂ ਭਾਵ ਪ੍ਰਭ ਤੋਂ ਬਿਨਾਂ ਕਿਸੇ ਹੋਰ ਦੀ ਸ਼ਰਨ ਨਹੀਂ ਲਈ ਜਾ ਸਕਦੀ॥੬॥੧॥



## ਸ਼ਬਦ = 25

*ਰਾਗੁ ਸੂਹੀ ਬਾਣੀ ਸ੍ਰੀ ਰਵਿਦਾਸ ਜੀਉ ਕੀ*

*ੴ ਸਤਿਗੁਰ ਪ੍ਰਸਾਦਿ॥*

**ਸਹ ਕੀ ਸਾਰ ਸੁਹਾਗਨਿ ਜਾਨੈ॥**

**ਤਜਿ ਅਭਿਮਾਨੁ ਸੁਖ ਰਲੀਆ ਮਾਨੈ॥**

ਸਾਧਕ ਰੂਪੀ ਇਸਤਰੀ ਹੀ ਆਪਣੇ ਪਤੀ ਪ੍ਰਮਾਤਮਾ ਦੀ ਕਦਰ ਜਾਣਦੀ ਹੈ ਇਸ ਸੋਝੀ ਨਾਲ ਉਹ ਆਪਣੇ ਹੰਕਾਰ ਨੂੰ ਛੱਡ ਕੇ ਸੁੱਖ ਮਾਣਦੀ ਹੈ।

**ਤਨੁ ਮਨੁ ਦੇਇ ਨ ਅੰਤਰੁ ਰਾਖੈ॥**

**ਅਵਰਾ ਦੇਖਿ ਨ ਸੁਨੈ ਅਭਾਖੈ॥੧॥**

ਉਹ ਆਪਣਾ ਤਨ ਅਤੇ ਮਨ ਪ੍ਰਭ ਨੂੰ ਅਰਪਣ ਕਰ ਦਿੰਦੀ ਹੈ ਤੇ ਪ੍ਰਭ ਬਿਨਾਂ ਕਿਸੇ ਹੋਰ ਦਾ ਆਸਰਾ ਨਹੀਂ ਤੱਕਦੀ॥੧॥

**ਸੋ ਕਤ ਜਾਨੈ ਪੀਰ ਪਰਾਈ॥**

**ਜਾ ਕੈ ਅੰਤਰਿ ਦਰਦੁ ਨ ਪਾਈ॥੧॥ ਰਹਾਉ॥**

ਜਿਨ੍ਹਾਂ ਨੇ ਪ੍ਰਭ ਨਾਲ ਪ੍ਰੇਮ ਨਹੀਂ ਕੀਤਾ, ਉਹ ਉਸ ਦੇ ਪ੍ਰੇਮ ਦੇ ਵਿਛੋੜੇ ਦੀਆਂ ਪੀੜਾਂ ਕਿਵੇਂ ਜਾਣ ਸਕਦੀਆਂ ਹਨ॥੧॥ ਰਹਾਉ॥

**ਦੁਖੀ ਦੁਹਾਗਨਿ ਦੁਇ ਪਖ ਹੀਨੀ॥**

**ਜਿਨਿ ਨਾਹ ਨਿਰੰਤਰਿ ਭਗਤਿ ਨ ਕੀਨੀ॥**

ਜਿਨ੍ਹਾਂ ਨੇ ਪ੍ਰਭ ਨਾਲ ਪ੍ਰੇਮ ਨਹੀਂ ਕੀਤਾ, ਭਗਤੀ ਨਹੀਂ ਕੀਤੀ, ਉਹ ਲੋਕ-ਪ੍ਰਲੋਕ ਵਿਚ ਦੁਖੀ ਹੁੰਦੀਆਂ ਹਨ।

**ਪੁਰ ਸਲਾਤ ਕਾ ਪੰਥੁ ਦੁਹੇਲਾ॥**

**ਸੰਗਿ ਨ ਸਾਥੀ ਗਵਨੁ ਇਕੇਲਾ॥੨॥**

ਪ੍ਰਭ ਦੇ ਮਿਲਾਪ ਤੋਂ ਬਿਨਾਂ ਪੁਰਸਲਾਤ (ਜੀਵਨ ਦਾ ਕਠਿਨ ਪੰਧ) ਬਿਨਾਂ ਸਾਥੀ ਤੋਂ ਲੰਘਣਾ ਪੈਂਦਾ ਹੈ॥੨॥

**ਦੁਖੀਆ ਦਰਦਵੰਦੁ ਦਰਿ ਆਇਆ॥**

**ਬਹੁਤੁ ਪਿਆਸ ਜਬਾਬੁ ਨ ਪਾਇਆ॥**

ਮੈਂ ਦੁਖੀ ਅਤੇ ਦਰਦਵੰਦ ਤੇਰੇ ਦਰ 'ਤੇ ਆਇਆ ਹਾਂ। ਤੇਰੇ ਦਰਸ਼ਨਾਂ ਦੀ ਬੜੀ ਤਾਂਘ ਹੈ ਪਰ ਤੁਹਾਡੇ ਵੱਲੋਂ ਕੋਈ ਉੱਤਰ ਨਹੀਂ ਮਿਲ ਰਿਹਾ।

**ਕਹਿ ਰਵਿਦਾਸ ਸਰਨਿ ਪ੍ਰਭ ਤੇਰੀ॥**

**ਜਿਉ ਜਾਨਹੁ ਤਿਉ ਕਰੁ ਗਤਿ ਮੇਰੀ॥੩॥੧॥**

**(ਪੰਨਾ 793)**



ਗੁਰੂ ਰਵਿਦਾਸ ਜੀ ਕਥਨ ਕਰਦੇ ਹਨ ਕਿ ਹੇ ਪ੍ਰਭ! ਮੈਂ ਤੇਰੀ ਸ਼ਰਨ ਵਿਚ ਹਾਂ, ਤੁਸੀਂ ਜਿਵੇਂ ਚਾਹੋ ਉਵੇਂ ਮੈਨੂੰ ਮੁਕਤੀ ਪ੍ਰਦਾਨ ਕਰੋ॥੩॥੧॥

## ਸ਼ਬਦ = 26

**ਜੋ ਦਿਨ ਆਵਹਿ ਸੋ ਦਿਨ ਜਾਹੀ॥**

**ਕਰਨਾ ਕੂਚੁ ਰਹਨੁ ਥਿਰੁ ਨਾਹੀ॥**

ਜਿਵੇਂ ਦਿਨ ਚੜ੍ਹਦਾ ਅਤੇ ਛਿੱਪ ਜਾਂਦਾ ਹੈ ਇਵੇਂ ਜੀਵ ਜੰਮਦਾ ਅਤੇ ਮਰ ਜਾਂਦਾ ਹੈ। ਇਸ ਸੰਸਾਰ ਤੋਂ ਸਾਰਿਆਂ ਨੇ ਕੂਚ ਕਰ ਜਾਣਾ ਹੈ, ਕਿਸੇ ਨੇ ਟਿਕੇ ਨਹੀਂ ਰਹਿਣਾ।

**ਸੰਗੁ ਚਲਤ ਹੈ ਹਮ ਭੀ ਚਲਨਾ॥**

**ਦੂਰਿ ਗਵਨੁ ਸਿਰ ਊਪਰਿ ਮਰਨਾ॥੧॥**

ਸੰਗੀ-ਸਾਥੀ ਜਾ ਰਹੇ ਹਨ, ਸਾਨੂੰ ਵੀ ਇਕ ਦਿਨ ਜਾਣਾ ਪੈਣਾ ਹੈ। ਪੈਂਡਾ ਦੂਰ ਦਾ ਹੈ ਪਰ ਮੌਤ ਸਿਰ 'ਤੇ ਆਣ ਖੜ੍ਹੀ ਹੈ ਪਤਾ ਨਹੀਂ ਮੌਤ ਨੇ ਕਿਸ ਵਕਤ ਝਪਟ ਮਾਰ ਲੈਣੀ ਹੈ।॥੧॥

**ਕਿਆ ਤੂ ਸੋਇਆ ਜਾਗੁ ਇਆਨਾ॥**

**ਤੈ ਜੀਵਨੁ ਜਗਿ ਸਚੁ ਕਰਿ ਜਾਨਾ॥੧॥ਰਹਾਉ॥**

ਐਹ ਮੂਰਖ ਮਨੁੱਖ! ਤੂੰ ਅਗਿਆਨਤਾ ਦੀ ਨੀਂਦਰ ਸੁੱਤਾ ਆਪਣੇ ਜੀਵਨ ਅਤੇ ਜਗਤ ਨੂੰ ਸੱਚ ਮੰਨ ਲਿਆ ਹੈ॥੧॥

**ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ॥**

**ਸਭ ਘਟ ਭੀਤਰਿ ਹਾਟੁ ਚਲਾਵੈ॥**

ਤੂੰ ਅੰਨ (ਰੋਟੀ) ਦੀ ਖਾਤਰ ਪ੍ਰਭ ਨੂੰ ਵਿਸਾਰੀ ਬੈਠਾ ਹੈਂ ਪਰ ਹੇ ਭਾਈ, ਪ੍ਰਭ ਨੇ ਜਿਸ ਵੀ ਜੀਵ ਨੂੰ ਜਨਮ ਦਿੱਤਾ ਹੈ, ਉਸ ਵਾਸਤੇ ਭੋਜਨ ਦੇ ਭੰਡਾਰ ਵੀ ਪੈਦਾ ਕੀਤੇ ਹਨ। ਭੋਜਨ ਦਾ ਪ੍ਰਬੰਧ ਪ੍ਰਭ ਹਰ ਜੀਵ ਵਿਚ ਬੈਠਾ ਆਪ ਕਰਦਾ ਹੈ।

**ਕਰਿ ਬੰਦਿਗੀ ਛਾਡਿ ਮੈ ਮੇਰਾ॥**

**ਹਿਰਦੈ ਨਾਮੁ ਸਮ੍ਾਰਿ ਸਵੇਰਾ॥੨॥**

ਹੇ ਜੀਵ! ਹੰਕਾਰ ਛੱਡ ਕੇ ਪ੍ਰਭ ਦੀ ਬੰਦਗੀ ਕਰ ਤੇ ਵੇਲੇ ਸਿਰ ਪ੍ਰਭ ਦੇ ਨਾਮ ਨੂੰ ਆਪਣੇ ਹਿਰਦੇ ਵਿੱਚ ਸੰਭਾਲ ਲੈ॥੨॥

**ਜਨਮੁ ਸਿਰਾਨੋ ਪੰਥੁ ਨ ਸਵਾਰਾ॥**

**ਸਾਂਝ ਪਰੀ ਦਹ ਦਿਸ ਅੰਧਿਆਰਾ॥**

ਤੇਰਾ ਜੀਵਨ ਮੁੱਕਦਾ ਜਾ ਰਿਹਾ ਹੈ ਪਰ ਤੂੰ ਆਪਣਾ ਅਗਲਾ ਰਾਹ ਸੰਵਾਰਿਆ ਨਹੀਂ ਹੈ। ਬੁਢੇਪੇ ਦੀ ਸ਼ਾਮ ਪੈ ਗਈ ਤਾਂ ਚੁਫੇਰੇ ਹਨ੍ਹੇਰਾ ਛਾ ਜਾਣਾ ਹੈ।



**ਕਹਿ ਰਵਿਦਾਸ ਨਿਦਾਨਿ ਦਿਵਾਨੇ॥**

**ਚੇਤਸਿ ਨਾਹੀ ਦੁਨੀਆ ਫਨ ਖਾਨੇ॥੩॥੨॥**

**(ਪੰਨਾ 793)**

ਗੁਰੂ ਰਵਿਦਾਸ ਜੀ ਦ੍ਰਿੜ੍ਹ ਕਰਦੇ ਹਨ ਕਿ ਹੇ ਕਮਲੇ! ਤੂੰ ਪ੍ਰਭ ਦਾ ਸਿਮਰਨ ਕਿਉਂ ਨਹੀਂ ਕਰਦਾ? ਇਹ ਦੁਨੀਆ ਤਾਂ ਨਾਸ਼ ਹੋ ਜਾਣੀ ਹੈ॥੩॥੨॥

## ਸ਼ਬਦ = 27

**ਊਚੇ ਮੰਦਰ ਸਾਲ ਰਸੋਈ॥**

**ਏਕ ਘਰੀ ਫੁਨਿ ਰਹਨੁ ਨ ਹੋਈ॥੧॥**

ਐਹ ਮਨੁੱਖ! ਤੂੰ ਆਪਣੇ ਜੀਵਨ ਦੇ ਅਸਲੀ ਮੰਤਵ ਨੂੰ ਭੁੱਲ ਕੇ ਉੱਚੇ ਮਹਿਲ ਅਤੇ ਵਧੀਆ ਰਸੋਈ ਬਣਾ ਕੇ ਹੰਕਾਰ ਕਰਦਾ ਹੈਂ। ਅੰਤ ਵੇਲੇ ਇਨ੍ਹਾਂ ਵਿਚ ਤੈਨੂੰ ਇਕ ਘੜੀ ਵੀ ਰਹਿਣਾ ਨਹੀਂ ਮਿਲਣਾ॥੧॥

**ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ॥**

**ਜਲਿ ਗਇਓ ਘਾਸੁ**

**ਰਲਿ ਗਇਓ ਮਾਟੀ॥੧॥ ਰਹਾਉ॥**

ਇਹ ਸਰੀਰ ਤਾਂ ਸੁੱਕੇ ਘਾਹ ਦੀ ਛੱਪਰੀ ਵਾਂਗ ਹੈ

ਜੋ ਅੱਗ ਲੱਗਣ ਨਾਲ ਪਲਾਂ ਵਿਚ ਰਾਖ ਹੋ ਕੇ ਮਿੱਟੀ ਵਿਚ ਮਿਲ ਜਾਂਦੀ ਹੈ॥੧॥ ਰਹਾਉ॥

**ਭਾਈ ਬੰਧ ਕੁਟੰਬ ਸਹੇਰਾ॥**

**ਓਇ ਭੀ ਲਾਗੇ ਕਾਢੁ ਸਵੇਰਾ॥੨॥**

ਜਦੋਂ ਮਨੁੱਖ ਮਰ ਜਾਂਦਾ ਹੈ ਤਾਂ ਰਿਸ਼ਤੇਦਾਰ, ਪਰਿਵਾਰ ਦੇ ਜੀਅ ਅਤੇ ਯਾਰ-ਮਿੱਤਰ ਘਰੋਂ ਛੇਤੀ ਤੋਂ ਛੇਤੀ ਕੱਢਣ ਲਈ ਕਹਿਣਗੇ॥੨॥

**ਘਰ ਕੀ ਨਾਰਿ ਉਰਹਿ ਤਨ ਲਾਗੀ॥**

**ਉਹ ਤਉ ਭੂਤੁ ਭੂਤੁ ਕਰਿ ਭਾਗੀ॥੩॥**

ਇਥੋਂ ਤੱਕ ਕਿ ਹਮੇਸ਼ਾ ਨਾਲ ਰਹਿਣ ਵਾਲੀ ਤੇਰੀ ਪਤਨੀ ਤੈਨੂੰ ਮਰ ਗਿਆ, ਮਰ ਗਿਆ ਕਹਿ ਕੇ ਦੂਰ ਹੋ ਜਾਂਦੀ ਹੈ॥੩॥

**ਕਹਿ ਰਵਿਦਾਸ ਸਭੈ ਜਗੁ ਲੂਟਿਆ॥**

**ਹਮ ਤਉ ਏਕ ਰਾਮੁ ਕਹਿ ਛੂਟਿਆ॥੪॥੩॥**

**(ਪੰਨਾ 794)**

ਗੁਰੂ ਰਵਿਦਾਸ ਜੀ ਕਹਿੰਦੇ ਹਨ ਕਿ ਸਾਰਾ ਜਗਤ ਮੋਹ-ਮਾਇਆ ਨਾਲ ਠੱਗਿਆ ਜਾ ਰਿਹਾ ਹੈ। ਪ੍ਰੰਤੂ ਮੈਂ ਤਾਂ ਇਕ ਪ੍ਰਭ ਦੀ ਬੰਦਗੀ ਕਰਕੇ ਬਚ ਗਿਆ ਹਾਂ॥੪॥੩॥



## ਸ਼ਬਦ = 28

*ਬਿਲਾਵਲੁ ਬਾਣੀ ਰਵਿਦਾਸ ਭਗਤ ਕੀ*

*ੴ ਸਤਿਗੁਰ ਪ੍ਰਸਾਦਿ॥*

**ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ॥**

**ਅਸਟ ਦਸਾ ਸਿਧਿ ਕਰ ਤਲੈ**

**ਸਭ ਕ੍ਰਿਪਾ ਤੁਮਾਰੀ॥੧॥**

ਮੇਰੀ ਗਰੀਬੀ ਦੇਖ ਕੇ ਸਭ ਹੱਸਦੇ ਸਨ ਪਰ ਹੇ ਪ੍ਰਭ! ਤੇਰੀ ਕਿਰਪਾ ਨਾਲ ਮੇਰੀ ਤਲੀ 'ਤੇ ਅਠਾਰਾਂ ਸਿੱਧੀਆਂ ਹਨ ਭਾਵ ਹਰ ਨਿਆਮਤ ਹੈ॥੧॥

**ਤੂ ਜਾਨਤ ਮੈ ਕਿਛੁ ਨਹੀ ਭਵ ਖੰਡਨ ਰਾਮ॥**

**ਸਗਲ ਜੀਅ ਸਰਨਾਗਤੀ**

**ਪ੍ਰਭ ਪੂਰਨ ਕਾਮ॥੧॥ ਰਹਾਉ॥**

ਹੇ ਮੁਕਤੀਦਾਤਾ। ਤੂੰ ਜਾਣਦਾ ਹੈਂ ਕਿ ਮੈਂ ਕੁਝ ਵੀ ਨਹੀਂ ਹਾਂ ਪਰ ਜਿਵੇਂ ਤੂੰ ਮੇਰੇ 'ਤੇ ਬਖਸ਼ਿਸ਼ ਕੀਤੀ ਹੈ ਜੋ ਵੀ ਤੇਰੀ ਸ਼ਰਨ ਆਉਂਦੇ ਹਨ, ਉਨ੍ਹਾਂ 'ਤੇ ਤੂੰ ਕਿਰਪਾ ਕਰਦਾ ਹੈਂ॥੧॥ ਰਹਾਉ॥

**ਜੋ ਤੇਰੀ ਸਰਨਾਗਤਾ ਤਿਨ ਨਾਹੀ ਭਾਰੁ॥**

**ਊਚ ਨੀਚ ਤੁਮ ਤੇ ਤਰੇ ਆਲਜੁ ਸੰਸਾਰੁ ॥੨॥**

ਜੋ ਕੇਵਲ ਤੇਰੀ ਸ਼ਰਨ ਆਉਂਦੇ ਹਨ, ਉਨ੍ਹਾਂ ਨੂੰ ਪਾਪਾਂ ਦਾ ਭਾਰ ਨਹੀਂ ਲੱਗਦਾ। ਤੇਰੀ ਸ਼ਰਨ ਆਏ ਚੰਗੇ-ਮਾੜੇ ਸਭ ਜੀਵ ਭਵਸਾਗਰ ਤੋਂ ਤਰ ਜਾਂਦੇ ਹਨ॥੨॥

**ਕਹਿ ਰਵਿਦਾਸ ਅਕਥ ਕਥਾ**
**ਬਹੁ ਕਾਇ ਕਰੀਜੈ ॥**
**ਜੈਸਾ ਤੂ ਤੈਸਾ ਤੁਹੀ**
**ਕਿਆ ਉਪਮਾ ਦੀਜੈ ॥੩॥੧॥ (ਪੰਨਾ 858)**

ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਹੇ ਪ੍ਰਭ ਤੇਰੀਆਂ ਬਖਸ਼ਿਸ਼ਾਂ ਤਾਂ ਕਥੀਆਂ ਨਹੀਂ ਜਾ ਸਕਦੀਆਂ। ਬਸ ਇਹੀ ਕਹਿ ਸਕਦੇ ਹਾਂ ਕਿ ਤੇਰੇ ਵਰਗਾ ਕੇਵਲ ਤੂੰ ਹੀ ਹੈਂ, ਤੇਰੀ ਤੁਲਨਾ (ਉਪਮਾ) ਕਿਸੇ ਹੋਰ ਨਾਲ ਨਹੀਂ ਹੋ ਸਕਦੀ॥੩॥੧॥

## ਸ਼ਬਦ = 29

**ਜਿਹ ਕੁਲ ਸਾਧੁ ਬੈਸਨੌ ਹੋਇ ॥**
**ਬਰਨ ਅਬਰਨ ਰੰਕੁ ਨਹੀ ਈਸੁਰੁ**
**ਬਿਮਲ ਬਾਸੁ ਜਾਨੀਐ ਜਗਿ ਸੋਇ ॥੧॥ ਰਹਾਉ ॥**



ਜਿਸ ਕੁੱਲ ਵਿਚ ਪ੍ਰਭ ਦਾ ਭਗਤ ਪੈਦਾ ਹੁੰਦਾ ਹੈ ਉਹ ਉੱਚੀ-ਨੀਵੀਂ ਜਾਤ, ਅਮੀਰ-ਗਰੀਬ ਕਰਕੇ ਨਹੀਂ। ਬਲਕਿ ਪਵਿੱਤਰ ਕਰਮਾਂ ਕਰਕੇ ਸੰਸਾਰ ਵਿਚ ਸ਼ੋਭਾ ਪਾਉਂਦਾ ਹੈ॥੧॥ ਰਹਾਉ॥

**ਬ੍ਰਹਮਨ ਬੈਸ ਸੂਦ ਅਰੁ ਖ੍ਹਤ੍ਰੀ**
**ਡੋਮ ਚੰਡਾਰ ਮਲੇਛ ਮਨ ਸੋਇ ॥**

ਭਾਵੇਂ ਕੋਈ ਬ੍ਰਾਹਮਣ, ਵੈਸ਼, ਸ਼ੂਦਰ, ਖੱਤਰੀ, ਮਰਾਸੀ, ਚੰਡਾਲ ਜਾਂ ਮਲੀਨ ਮਨ ਵਾਲਾ ਹੋਏ, ਉਨ੍ਹਾਂ ਸਾਰਿਆਂ ਵਿਚ ਪ੍ਰਭ ਹੀ ਵਸਦਾ ਹੈ।

**ਹੋਇ ਪੁਨੀਤ ਭਗਵੰਤ ਭਜਨ ਤੇ**
**ਆਪੁ ਤਾਰਿ ਤਾਰੇ ਕੁਲ ਦੋਇ ॥੧॥**

ਸੋ ਕਿਸੇ ਵੀ ਜਾਤੀ ਦਾ ਮਨੁੱਖ ਪ੍ਰਭ ਦੀ ਬੰਦਗੀ ਕਰਕੇ ਪਵਿੱਤਰ ਹੋ ਜਾਂਦਾ ਹੈ ਅਤੇ ਆਪਣੇ ਦਾਦਕੇ ਤੇ ਨਾਨਕੇ ਦੋਹਾਂ ਕੁੱਲਾਂ ਨੂੰ ਤਾਰ ਦਿੰਦਾ ਹੈ॥੧॥

**ਧੰਨਿ ਸੁ ਗਾਉ ਧੰਨਿ ਸੋ ਠਾਉ**
**ਧੰਨਿ ਪੁਨੀਤ ਕੁਟੰਬ ਸਭ ਲੋਇ ॥**

ਉਹ ਪਿੰਡ, ਥਾਂ, ਪਰਿਵਾਰ ਸਾਰੇ ਜਗਤ ਵਿਚ ਧੰਨ ਹੁੰਦੇ ਹਨ ਜਿਥੇ ਪ੍ਰਭ ਦਾ ਭਗਤ ਜਨਮ ਲੈਂਦਾ ਹੈ।

**ਜਿਨਿ ਪੀਆ ਸਾਰ ਰਸੁ ਤਜੇ ਆਨ ਰਸ**
**ਹੋਇ ਰਸ ਮਗਨ ਡਾਰੇ ਬਿਖੁ ਖੋਇ ॥੨॥**

ਉਸ ਨੇ ਪ੍ਰਭ-ਪ੍ਰੇਮ ਦਾ ਅੰਮ੍ਰਿਤ ਪੀ ਕੇ ਬਾਕੀ ਸੁਆਦ ਤਿਆਗੇ ਤੇ ਵਿਕਾਰਾਂ ਦਾ ਨਾਸ਼ ਕੀਤਾ॥੨॥

**ਪੰਡਿਤ ਸੂਰ ਛਤ੍ਰਪਤਿ ਰਾਜਾ**
**ਭਗਤ ਬਰਾਬਰਿ ਅਉਰੁ ਨ ਕੋਇ॥**

ਵੱਡਾ ਵਿਦਵਾਨ, ਸੂਰਮਾ, ਚੱਕਰਵਤੀ ਰਾਜਾ ਜਾਂ ਕੋਈ ਹੋਰ ਮਨੁੱਖ ਪ੍ਰਭ ਦੇ ਭਗਤ ਦੇ ਬਰਾਬਰ ਵੀ ਨਹੀਂ ਹੈ।

**ਜੈਸੇ ਪੁਰੈਨ ਪਾਤ ਰਹੈ ਜਲ ਸਮੀਪ**
**ਭਨਿ ਰਵਿਦਾਸ ਜਨਮੇ ਜਗਿ ਓਇ ॥੩॥੨॥**

(ਪੰਨਾ 858)

ਗੁਰੂ ਰਵਿਦਾਸ ਜੀ ਦਾ ਕਥਨ ਹੈ ਕਿ ਜਿਵੇਂ ਚੁਪੱਤੀ ਦੂਸਰੀ ਬਨਸਪਤੀ ਤੋਂ ਨਿਰਾਲੀ ਤੇ ਭਿੰਨ ਹੁੰਦੀ ਹੈ ਉਹ ਕੇਵਲ ਪਾਣੀ ਦੇ ਹੀ ਨੇੜੇ ਰਹਿ ਸਕਦੀ ਹੈ, ਉਸੇ ਤਰ੍ਹਾਂ ਪ੍ਰਭ-ਭਗਤ ਨਿਰਾਲੇ ਹਨ ਜਿਹੜੇ ਪ੍ਰਭ-ਚਰਨਾਂ ਵਿਚ ਹੀ ਰਹਿ ਕੇ ਹੀ ਜੀਉ ਸਕਦੇ ਹਨ॥੩॥੨॥



## ਸ਼ਬਦ = 30

*ਰਾਗੁ ਗੋਂਡ ਬਾਣੀ ਰਵਿਦਾਸ ਜੀਉ ਕੀ ਘਰੁ ੨*

*ੴ ਸਤਿਗੁਰ ਪ੍ਰਸਾਦਿ ॥*

**ਮੁਕੰਦ ਮੁਕੰਦ ਜਪਹੁ ਸੰਸਾਰ ॥**
**ਬਿਨੁ ਮੁਕੰਦ ਤਨੁ ਹੋਇ ਅਉਹਾਰ ॥**

ਹੇ ਸੰਸਾਰ ਦੇ ਲੋਕੋ! ਹਰ ਦਮ ਮੁਕਤੀ ਦੇਣ ਵਾਲੇ ਪ੍ਰਭ ਦਾ ਨਾਮ ਜਪੋ। ਇਸ ਤੋਂ ਬਿਨਾਂ ਇਹ ਤਨ ਵਿਅਰਥ ਚਲਾ ਜਾਂਦਾ ਹੈ।

**ਸੋਈ ਮੁਕੰਦੁ ਮੁਕਤਿ ਕਾ ਦਾਤਾ ॥**
**ਸੋਈ ਮੁਕੰਦੁ ਹਮਰਾ ਪਿਤ ਮਾਤਾ ॥੧॥**

ਉਹੋ ਪ੍ਰਭ ਮੁਕਤੀ ਦਾ ਦਾਤਾ ਹੈ ਅਤੇ ਸਾਡਾ ਮਾਤਾ-ਪਿਤਾ ਹੈ॥੧॥

**ਜੀਵਤ ਮੁਕੰਦੇ ਮਰਤ ਮੁਕੰਦੇ ॥**
**ਤਾ ਕੇ ਸੇਵਕ ਕਉ ਸਦਾ ਅਨੰਦੇ ॥੧॥ ਰਹਾਉ ॥**

ਜੋ ਮਨੁੱਖ ਜਿਉਂਦੇ-ਜੀਅ ਪ੍ਰਭ ਨਾਲ ਜੁੜਿਆ ਰਹਿੰਦਾ ਹੈ, ਮਰਨ ਸਮੇਂ ਵੀ ਉਸ ਦੀ ਸੁਰਤੀ ਪ੍ਰਭ ਨਾਲ ਜੁੜੀ ਰਹਿੰਦੀ ਹੈ, ਉਹ ਪ੍ਰਭ ਨੂੰ ਪ੍ਰਾਪਤ ਹੁੰਦਾ ਹੈ॥੧॥

**ਮੁਕੰਦ ਮੁਕੰਦ ਹਮਾਰੇ ਪ੍ਰਾਨੰ॥**

**ਜਪਿ ਮੁਕੰਦ ਮਸਤਕਿ ਨੀਸਾਨੰ॥**

ਪ੍ਰਭ ਦੇ ਨਾਮ ਦਾ ਜਾਪ ਮੇਰੇ ਪ੍ਰਾਣਾਂ ਦਾ ਆਸਰਾ ਹੈ ਜਿਸ ਨਾਲ ਮੱਥੇ 'ਤੇ ਆਭਾਨੂਰ (ਪ੍ਰਭ ਦਾ ਪ੍ਰਕਾਸ਼) ਚਮਕਣ ਲੱਗ ਪੈਂਦਾ ਹੈ।

**ਸੇਵ ਮੁਕੰਦ ਕਰੈ ਬੈਰਾਗੀ॥**

**ਸੋਈ ਮੁਕੰਦੁ ਦੁਰਬਲ ਧਨੁ ਲਾਧੀ॥੨॥**

ਨਾਮ ਦਾ ਜਾਪ ਸੇਵਕ ਨੂੰ ਵੈਰਾਗੀ ਬਣਾ ਦਿੰਦਾ ਹੈ ਅਤੇ ਆਤਮਿਕ ਤੌਰ 'ਤੇ ਗਰੀਬ ਨੂੰ ਆਤਮਿਕ ਸ਼ਕਤੀ ਰੂਪੀ ਧੰਨ ਲੱਭ ਪੈਂਦਾ ਹੈ॥੨॥

**ਏਕੁ ਮੁਕੰਦੁ ਕਰੈ ਉਪਕਾਰੁ॥**

**ਹਮਰਾ ਕਹਾ ਕਰੈ ਸੰਸਾਰੁ॥**

ਜੇਕਰ ਪ੍ਰਭ ਹੀ ਸਾਡੇ 'ਤੇ ਉਪਕਾਰੀ ਹੋ ਜਾਂਦਾ ਹੈ ਤਾਂ ਫਿਰ ਸੰਸਾਰ ਸਾਡਾ ਕੀ ਵਿਗਾੜ ਸਕਦਾ ਹੈ?

**ਮੇਟੀ ਜਾਤਿ ਹੂਏ ਦਰਬਾਰਿ॥**

**ਤੁਹੀ ਮੁਕੰਦ ਜੋਗ ਜੁਗ ਤਾਰਿ॥੩॥**

ਮੈਨੂੰ ਤੇਰੇ ਚਰਨਾਂ 'ਚ ਥਾਂ ਮਿਲਿਆ ਹੈ, ਤੂੰ ਹੀ ਯੁੱਗਾਂ-ਯੁੱਗਾਂਤਰਾਂ ਤੋਂ ਆਪਣੇ ਸੇਵਕਾਂ ਨੂੰ ਪਾਰ ਲੰਘਾਉਂਦਾ ਹੈ॥੩॥



**ਉਪਜਿਓ ਗਿਆਨੁ ਹੂਆ ਪਰਗਾਸ॥**

**ਕਰਿ ਕਿਰਪਾ ਲੀਨੇ ਕੀਟ ਦਾਸ॥**

ਤੇਰੇ ਸਿਮਰਨ ਨਾਲ ਮੇਰੇ ਮਨ ਵਿਚ ਗਿਆਨ ਦਾ ਪ੍ਰਕਾਸ਼ ਹੋ ਗਿਆ ਹੈ, ਤੂੰ ਕ੍ਰਿਪਾ ਕਰਕੇ ਮੈਨੂੰ ਆਪਣਾ ਸੇਵਕ ਬਣਾ ਲਿਆ ਹੈ।

**ਕਹੁ ਰਵਿਦਾਸ ਅਬ ਤ੍ਰਿਸਨਾ ਚੂਕੀ॥**

**ਜਪਿ ਮੁਕੰਦ ਸੇਵਾ ਤਾਹੂ ਕੀ॥੪॥੧॥**

**(ਪੰਨਾ 875)**

ਗੁਰੂ ਰਵਿਦਾਸ ਜੀ ਕਹਿੰਦੇ ਹਨ ਕਿ ਹੁਣ ਮੇਰੀ ਤ੍ਰਿਸ਼ਨਾ ਮੁੱਕ ਗਈ ਹੈ, ਹੁਣ ਮੈਂ ਉਸ ਦੇ ਸਿਮਰਨ ਵਿਚ ਮਗਨ ਹਾਂ॥੪॥੧॥

## ਸ਼ਬਦ = 31

**ਜੇ ਓਹੁ ਅਠਸਠਿ ਤੀਰਥ ਨ੍ਹਾਵੈ॥**

**ਜੇ ਓਹੁ ਦੁਆਦਸ ਸਿਲਾ ਪੁਜਾਵੈ॥**

ਨਿੰਦਿਆ ਕਰਨ ਵਾਲਾ ਮਨੁੱਖ ਭਾਵੇਂ ਅਠਾਹਠ ਤੀਰਥਾਂ ਦਾ ਇਸ਼ਨਾਨ ਕਰ ਲਵੇ, ਬਾਰਾਂ ਸ਼ਿਵਲਿੰਗਾਂ ਦੀ ਪੂਜਾ ਕਰੇ।

**ਜੇ ਓਹੁ ਕੂਪ ਤਟਾ ਦੇਵਾਵੈ ॥**

**ਕਰੈ ਨਿੰਦ ਸਭ ਬਿਰਥਾ ਜਾਵੈ ॥੧॥**

ਭਾਵੇਂ ਲੋਕ ਸੇਵਾ ਲਈ ਖੂਹ ਤੇ ਤਲਾਅ ਲਵਾ ਦੇਵੇ, ਜੇਕਰ ਉਹ ਸੱਚੇ ਸੰਤਾਂ ਦੀ ਨਿੰਦਾ ਕਰਦਾ ਹੈ ਤਾਂ ਇਹ ਸੇਵਾ ਵਿਅਰਥ ਚਲੀ ਜਾਂਦੀ ਹੈ॥੧॥

**ਸਾਧ ਕਾ ਨਿੰਦਕੁ ਕੈਸੇ ਤਰੈ ॥**

**ਸਰਪਰ ਜਾਨਹੁ ਨਰਕ ਹੀ ਪਰੈ ॥੧॥ ਰਹਾਉ ॥**

ਸੱਚੇ ਸੰਤਾਂ ਦੀ ਨਿੰਦਿਆ ਕਰਨ ਵਾਲਾ ਤਰ ਨਹੀਂ ਸਕਦਾ, ਉਸ ਦੇ ਸਿਰ 'ਤੇ ਨਰਕਾਂ ਦਾ ਭਾਰ ਪੈਂਦਾ ਹੀ ਹੈ॥੧॥ ਰਹਾਉ॥

**ਜੇ ਓਹੁ ਗ੍ਰਹਨ ਕਰੈ ਕੁਲਖੇਤਿ ॥**

**ਅਰਪੈ ਨਾਰਿ ਸੀਗਾਰ ਸਮੇਤਿ ॥**

ਜੇ ਨਿੰਦਕ ਗ੍ਰਹਿਣ ਸਮੇਂ ਕੁਰੂਕਸ਼ੇਤਰ ਜਾ ਕੇ ਇਸ਼ਨਾਨ ਕਰੇ। ਪਤਨੀ ਹਾਰ-ਸ਼ਿੰਗਾਰ ਕਰਕੇ ਦਾਨ ਕਰੇ।

**ਸਗਲੀ ਸਿੰਮ੍ਰਿਤ ਸ੍ਰਵਨੀ ਸੁਨੈ ॥**

**ਕਰੈ ਨਿੰਦ ਕਵਨੈ ਨਹੀ ਗੁਨੈ ॥੨॥**

ਸਤਾਈ ਸਿਮਰਤੀਆਂ ਆਪਣੇ ਕੰਨਾਂ ਨਾਲ ਸੁਣੇ ਪਰ ਜੇਕਰ ਉਹ ਸੰਤਾਂ ਦੀ ਨਿੰਦਿਆ ਕਰਦਾ ਹੈ ਤਾਂ ਇਸ ਦਾ ਕੋਈ ਲਾਭ ਨਹੀਂ ਹੁੰਦਾ॥੨॥



**ਜੇ ਓਹੁ ਅਨਿਕ ਪ੍ਰਸਾਦ ਕਰਾਵੈ ॥**

**ਭੂਮਿ ਦਾਨ ਸੋਭਾ ਮੰਡਪਿ ਪਾਵੈ ॥**

ਜੇਕਰ ਉਹ ਦੇਵਤਿਆਂ ਨੂੰ ਪ੍ਰਸ਼ਾਦ ਦਾ ਭੋਗ ਲਗਾਵੇ, ਭੂਮੀ ਮੰਦਿਰ ਦਾਨ ਕਰਕੇ ਵਡਿਆਈ ਪਾਵੇ।

**ਅਪਨਾ ਬਿਗਾਰਿ ਬਿਰਾਂਨਾ ਸਾਂਢੈ ॥**

**ਕਰੈ ਨਿੰਦ ਬਹੁ ਜੋਨੀ ਹਾਂਢੈ ॥੩॥**

ਆਪਣਾ ਕੰਮ ਵਿਗਾੜ ਕੇ ਦੂਸਰਿਆਂ ਦਾ ਸੰਵਾਰੇ ਪਰ ਫਿਰ ਵੀ ਜੇਕਰ ਉਹ ਸੰਤਾਂ ਦੀ ਨਿੰਦਿਆ ਕਰਦਾ ਹੈ ਤਾਂ ਜੂਨਾਂ ਵਿਚ ਭਟਕਦਾ ਹੈ॥੩॥

**ਨਿੰਦਾ ਕਹਾ ਕਰਹੁ ਸੰਸਾਰਾ ॥**

**ਨਿੰਦਕ ਕਾ ਪਰਗਟਿ ਪਾਹਾਰਾ ॥**

ਹੇ ਸੰਸਾਰ ਦੇ ਲੋਕੋ! ਤੁਸੀਂ ਨਿੰਦਿਆ ਕਿਉਂ ਕਰਦੇ ਹੋ? ਨਿੰਦਕ ਦਾ ਪਤਾ ਲੱਗ ਹੀ ਜਾਂਦਾ ਹੈ ਨਿੰਦਕ ਕਦੇ ਵੀ ਛੁਪਿਆ ਨਹੀਂ ਰਹਿੰਦਾ।

**ਨਿੰਦਕੁ ਸੋਧਿ ਸਾਧਿ ਬੀਚਾਰਿਆ ॥**

**ਕਹੁ ਰਵਿਦਾਸ ਪਾਪੀ**

**ਨਰਕਿ ਸਿਧਾਰਿਆ ॥੪॥੨॥**

(ਪੰਨਾ 875)

ਗੁਰੂ ਰਵਿਦਾਸ ਜੀ ਉਪਦੇਸ਼ ਦਿੰਦੇ ਹਨ ਕਿ ਬਹੁਤ ਸੋਚ-ਵਿਚਾਰ ਕਰਨ ਉਪਰੰਤ ਇਹੀ ਨਿਰਣਾ ਪ੍ਰਪੱਕ ਹੁੰਦਾ ਹੈ ਕਿ ਨਿੰਦਕ ਪਾਪੀ ਹੁੰਦਾ ਹੈ ਤੇ ਹਮੇਸ਼ਾ ਨਰਕਾਂ ਵਿਚ ਪੈਂਦਾ ਹੈ ਭਾਵ ਮੁਕਤ ਨਹੀਂ ਹੁੰਦਾ॥੪॥੨॥

## ਸ਼ਬਦ = 32

*ਰਾਮਕਲੀ ਬਾਣੀ ਰਵਿਦਾਸ ਜੀ ਕੀ*

*ੴ ਸਤਿਗੁਰ ਪ੍ਰਸਾਦਿ॥*

**ਪੜੀਐ ਗੁਨੀਐ ਨਾਮੁ ਸਭੁ ਸੁਨੀਐ**
**ਅਨਭਉ ਭਾਉ ਨ ਦਰਸੈ॥**

ਪ੍ਰਭੂ ਦਾ ਨਾਮ ਪੜ੍ਹੀਦਾ ਵੀ ਹੈ, ਸੁਣੀਦਾ ਵੀ ਹੈ ਤੇ ਵਿਚਾਰ ਵੀ ਕਰੀਦਾ ਹੈ ਪਰ ਫਿਰ ਵੀ ਉਸ ਪ੍ਰਭ ਦੇ ਦਰਸ਼ਨ ਨਹੀਂ ਹੁੰਦੇ।

**ਲੋਹਾ ਕੰਚਨੁ ਹਿਰਨ ਹੋਇ ਕੈਸੇ**
**ਜਉ ਪਾਰਸਹਿ ਨ ਪਰਸੈ॥੧॥**

ਦਰਸ਼ਨ ਹੋਣ ਵੀ ਕਿਵੇਂ ਕਿਉਂਕਿ (ਅਸੀਂ ਵਿਕਾਰਾਂ ਵਿਚ ਫਸ ਕੇ ਪ੍ਰਭ ਦੇ ਗਿਆਨ ਤੋਂ ਬਿਨਾਂ ਇਹ ਸਭ ਕਰਦੇ ਹਾਂ।) ਜਿੰਨਾ ਚਿਰ ਲੋਹਾ ਪਾਰਸ ਨਾਲ ਨਾ ਛੂਹੇ ਤਾਂ ਉਹ ਸੋਨਾ ਨਹੀਂ ਬਣ ਸਕਦਾ॥੧॥



**ਦੇਵ ਸੰਸੈ ਗਾਂਠਿ ਨ ਛੂਟੈ॥**
**ਕਾਮ ਕ੍ਰੋਧ ਮਾਇਆ ਮਦ ਮਤਸਰ**
**ਇਨ ਪੰਚਹੁ ਮਿਲਿ ਲੂਟੇ॥੧॥ ਰਹਾਉ॥**

ਹੇ ਪ੍ਰਭ! ਮੇਰੇ ਸ਼ੰਕਿਆਂ ਦੀ ਗੰਢ ਨਹੀਂ ਖੁੱਲ੍ਹਦੀ। ਕਾਮ, ਕ੍ਰੋਧ, ਮੋਹ, ਲੋਭ ਅਤੇ ਹੰਕਾਰ ਆਦਿ ਵਿਕਾਰਾਂ ਨੇ ਲੁੱਟ ਲਿਆ ਹੈ॥੧॥ ਰਹਾਉ॥

**ਹਮ ਬਡ ਕਬਿ ਕੁਲੀਨ**
**ਹਮ ਪੰਡਿਤ ਹਮ ਜੋਗੀ ਸੰਨਿਆਸੀ॥**

ਅਸੀਂ ਹੰਕਾਰ ਵਿਚ ਕਹਿੰਦੇ ਹਾਂ ਕਿ ਅਸੀਂ ਵੱਡੇ ਕਵੀ, ਉੱਚੀ ਕੁੱਲ ਵਾਲੇ, ਜੋਗੀ ਅਤੇ ਸੰਨਿਆਸੀ ਹਾਂ।

**ਗਿਆਨੀ ਗੁਨੀ ਸੂਰ ਹਮ ਦਾਤੇ**
**ਇਹ ਬੁਧਿ ਕਬਹਿ ਨ ਨਾਸੀ॥੨॥**

ਇਹ ਵੀ ਕਹਿੰਦੇ ਹਾਂ ਕਿ ਅਸਾਂ ਗਿਆਨੀ, ਗੁਣਵਾਨ, ਸੂਰਮੇ ਤੇ ਦਾਨੀ ਹਾਂ। ਇਹ ਬੁਰੀ ਸੋਚ ਸਾਡੇ ਵਿਚੋਂ ਨਾਸ਼ ਨਹੀਂ ਹੁੰਦੀ॥੨॥

**ਕਹੁ ਰਵਿਦਾਸ ਸਭੈ ਨਹੀ ਸਮਝਸਿ**
**ਭੂਲਿ ਪਰੇ ਜੈਸੇ ਬਉਰੇ॥**

ਗੁਰੂ ਰਵਿਦਾਸ ਜੀ ਦੇ ਪਾਵਨ ਬਚਨ ਹਨ ਕਿ ਸਾਰੇ ਲੋਕ ਸਮਝ ਨਹੀਂ ਰਹੇ ਤੇ ਪਾਗਲਾਂ ਵਾਂਗ ਭੁੱਲੇ ਪਏ ਹਨ।

**ਮੋਹਿ ਅਧਾਰੁ ਨਾਮੁ ਨਾਰਾਇਨ**
**ਜੀਵਨ ਪ੍ਰਾਨ ਧਨ ਮੋਰੇ ॥੩॥੧॥ (ਪੰਨਾ 973)**

ਪ੍ਰੰਤੂ ਮੈਨੂੰ ਤਾਂ ਪ੍ਰਭ ਦੇ ਨਾਮ ਦਾ ਆਸਰਾ ਹੈ ਜੋ ਮੇਰੇ ਜੀਵਨ ਦਾ ਪ੍ਰਾਣ ਅਤੇ ਧਨ ਹੈ॥੩॥੧॥

## ਸ਼ਬਦ = 33

*ਰਾਗੁ ਮਾਰੂ ਬਾਣੀ ਰਵਿਦਾਸ ਜੀਉ ਕੀ*

*ੴ ਸਤਿਗੁਰ ਪ੍ਰਸਾਦਿ॥*

**ਐਸੀ ਲਾਲ ਤੁਝ ਬਿਨੁ ਕਉਨੁ ਕਰੈ॥**
**ਗਰੀਬ ਨਿਵਾਜੁ ਗੁਸਈਆ ਮੇਰਾ**
**ਮਾਥੈ ਛਤ੍ਰੁ ਧਰੈ ॥੧॥ ਰਹਾਉ॥**

ਹੇ ਪ੍ਰਭ! ਐਸੀ ਬਖਸ਼ਿਸ਼ ਤੇਰੇ ਤੋਂ ਬਿਨਾਂ ਹੋਰ ਕੌਣ ਕਰ ਸਕਦਾ ਹੈ। ਗਰੀਬਾਂ ਨੂੰ ਮਾਣ ਦੇਣ ਵਾਲੇ ਪ੍ਰਭ ਤੁਸੀਂ ਮੇਰੇ ਸਿਰ 'ਤੇ ਛਤਰ ਝੁਲਾ ਕੇ ਮੈਨੂੰ ਮਾਣ ਬਖ਼ਸ਼ਿਆ ਹੈ॥੧॥

**ਜਾ ਕੀ ਛੋਤਿ ਜਗਤ ਕਉ ਲਾਗੈ**
**ਤਾ ਪਰ ਤੁਹੀਂ ਢਰੈ॥**



ਜਿਸ ਦੀ ਛੋਹ (ਅਛੂਤਾਂ ਦੀ) ਨਾਲ ਜਗਤ ਨੂੰ ਭਿੱਟ ਲੱਗ ਜਾਂਦੀ ਹੈ, ਉਨ੍ਹਾਂ ਉੱਤੇ ਵੀ ਤੂੰ ਰੀਝ ਜਾਂਦਾ ਹੈ।

**ਨੀਚਹ ਊਚ ਕਰੈ ਮੇਰਾ ਗੋਬਿੰਦੁ**
**ਕਾਹੂ ਤੇ ਨ ਡਰੈ ॥੧॥**

ਨੀਵਿਆਂ ਨੂੰ ਉੱਚ ਪਦਵੀ ਦੇਣ ਵੇਲੇ ਤੂੰ ਕਿਸੇ ਤੋਂ ਡਰਦਾ ਨਹੀਂ (ਅਤੇ ਤੂੰ ਤੇਰਾ ਸਿਮਰਨ ਕਰਨ ਵਾਲਿਆਂ ਨੂੰ ਵੀ ਨਿਰਭਉ ਬਣਾ ਦਿੰਦਾ ਹੈਂ)॥੧॥

**ਨਾਮਦੇਵ ਕਬੀਰੁ ਤਿਲੋਚਨੁ**
**ਸਧਨਾ ਸੈਨੁ ਤਰੈ॥**

(ਸਰਵ ਗੁਰੂ) ਨਾਮਦੇਵ, ਕਬੀਰ, ਤ੍ਰਿਲੋਚਨ, ਸਧਨਾ, ਸੈਨ ਤੇਰੀ ਬਖਸ਼ਿਸ਼ ਨਾਲ ਉੱਚੇ ਹੋ ਗਏ। (ਪ੍ਰਭ ਬੰਦਗੀ ਤੇ ਬਖਸ਼ਿਸ਼ ਨਾਲ ਉੱਚੇ ਤੇ ਨਿਰਭਉ ਹੋ ਕੇ ਸੰਸਾਰ ਨੂੰ ਕ੍ਰਾਂਤੀਕਾਰੀ ਤਬਦੀਲੀਆਂ ਪ੍ਰਦਾਨ ਕੀਤੀਆਂ)।

**ਕਹਿ ਰਵਿਦਾਸੁ ਸੁਨਹੁ ਰੇ ਸੰਤਹੁ**
**ਹਰਿ ਜੀਉ ਤੇ ਸਭੈ ਸਰੈ ॥੨॥੧॥**
**(ਪੰਨਾ 1106)**

ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਸੰਤ ਜਨੋਂ ਸੁਣੋ, ਉਹ ਪ੍ਰਭ ਸਭ ਕੁਝ ਕਰਨ ਦੇ ਸਮਰੱਥ ਹੈ॥੨॥੧॥

## ਸ਼ਬਦ = 34

**ਸੁਖ ਸਾਗਰ ਸੁਰਿਤਰੁ ਚਿੰਤਾਮਨਿ**

**ਕਾਮਧੇਨ ਬਸਿ ਜਾ ਕੇ ਰੇ ॥**

ਇਹ ਸ਼ਬਦ ਕੁਝ ਤਬਦੀਲੀਆਂ ਸਹਿਤ ਦੂਸਰੀ ਵਾਰ ਮਾਰੂ ਰਾਗ ਜੋ ਕਿ ਯੁੱਧ ਦਾ ਰਾਗ ਹੈ, ਵਿਚ ਆਇਆ ਹੈ। ਇਸ ਵਿਚ ਗੁਰੂ ਰਵਿਦਾਸ ਜੀ ਬ੍ਾਹਮਣਾਂ ਦੇ ਸਤਾਏ ਅਤੇ ਲਤਾੜੇ ਲੋਕਾਂ ਨੂੰ ਸੰਬੋਧਨ ਕਰਦੇ ਫੁਰਮਾਉਂਦੇ ਹਨ ਕਿ ਜਿਸ ਸੁੱਖਾਂ ਦੇ ਸਾਗਰ ਪ੍ਰਭ ਦੇ ਵਸ ਵਿਚ ਸਵਰਗ ਦੇ ਪੰਜੇ ਰੁੱਖ, ਚਿੰਤਾਮਣੀ ਅਤੇ ਕਾਮਧੇਨ ਹਨ।

**ਚਾਰਿ ਪਦਾਰਥ ਅਸਟ ਮਹਾ ਸਿਧ**

**ਨਵ ਨਿਧਿ ਕਰ ਤਲ ਤਾ ਕੈ ॥੧॥**

ਉਸੇ ਪ੍ਰਭ ਦੀ ਹੱਥ ਦੀ ਤਲੀ 'ਤੇ ਚਾਰ ਪਦਾਰਥ, ਅਠਾਰਾਂ ਸਿੱਧੀਆਂ ਅਤੇ ਨੌਂ ਖਜ਼ਾਨੇ ਹਨ। ਸੋ ਇਹ ਸਭ ਕੁਝ ਪ੍ਰਭ ਦੇ ਹੱਥ ਵਿਚ ਹਨ, ਦੇਵੀ ਦੇਵਤਿਆਂ ਦੇ ਹੱਥ ਵਿਚ ਨਹੀਂ॥੧॥

**ਹਰਿ ਹਰਿ ਹਰਿ ਨ ਜਪਸਿ ਰਸਨਾ ॥**

**ਅਵਰ ਸਭ ਛਾਡਿ ਬਚਨ ਰਚਨਾ ॥੧॥ ਰਹਾਉ ॥**

ਇਸ ਕਰਕੇ ਤੁਸੀਂ ਵੇਦ ਪੁਰਾਣਾ ਆਦਿ ਬਾਕੀ ਰਚੇ



ਗ੍ਰੰਥਾਂ ਦੀ ਵਿਚਾਰਧਾਰਾ ਤੇ ਕਹੀਆਂ ਗੱਲਾਂ ਨੂੰ ਛੱਡ ਕੇ ਪਾਰਬ੍ਰਹਮ ਪ੍ਰਭ ਦਾ ਸਿਮਰਨ ਕਰੋ॥ ਰਹਾਉ॥

**ਨਾਨਾ ਖਿਆਨ ਪੁਰਾਨ ਬੇਦ ਬਿਧਿ**

**ਚਉਤੀਸ ਅਛਰ ਮਾਹੀ ॥**

ਪੁਰਾਣਾਂ, ਵੇਦਾਂ ਆਦਿ ਦੀਆਂ ਕਥਾਵਾਂ, ਵਿਧੀਆਂ ਅਤੇ ਦੇਵਨਾਗਰੀ ਦੇ ਚੌਂਤੀ ਅੱਖਰਾਂ ਵਿਚ ਰਚਿਆ ਸਾਹਿਤ ਕੇਵਲ ਵਾਕ ਰਚਨਾ ਹਨ।

**ਬਿਆਸ ਬੀਚਾਰਿ ਕਹਿਓ ਪਰਮਾਰਥੁ**

**ਰਾਮ ਨਾਮ ਸਰਿ ਨਾਹੀ ॥੨॥**

ਵੇਦਾਂ ਦੇ ਖੋਜੀ ਮਹਾਂਰਿਸ਼ੀ ਵੇਦ ਵਿਆਸ ਜੀ ਨੇ ਵਿਚਾਰ ਕੇ ਇਹ ਸਿੱਟਾ ਕੱਢਿਆ ਹੈ ਕਿ ਇਹ ਤਾਂ ਪ੍ਰਭ ਸਿਮਰਨ ਦੇ ਬਰਾਬਰ ਵੀ ਨਹੀਂ ਹਨ॥੧॥੨॥

**ਸਹਜ ਸਮਾਧਿ ਉਪਾਧਿ ਰਹਤ ਹੋਇ**

**ਬਡੇ ਭਾਗਿ ਲਿਵ ਲਾਗੀ ॥**

ਉਹ ਵੱਡੇ ਭਾਗਾਂ ਵਾਲੇ ਹਨ ਜਿਨ੍ਹਾਂ ਦੀ ਸੁਰਤੀ ਪ੍ਰਭ ਦਾ ਗਿਆਨ ਪ੍ਰਾਪਤ ਕਰਕੇ ਉਸਦੇ ਸਿਮਰਨ ਵਿਚ ਲੱਗ ਗਈ ਹੈ।

**ਕਹਿ ਰਵਿਦਾਸ ਉਦਾਸ ਦਾਸ ਮਤਿ**

**ਜਨਮ ਮਰਨ ਭੈ ਭਾਗੀ ॥੩॥੨॥ (ਪੰਨਾ 1106)**

ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਉਨ੍ਹਾਂ ਦੇ ਮਨ ਵਿਚ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ ਅਤੇ ਉਹ ਜਨਮ-ਮਰਨ ਦੇ ਡਰ ਤੋਂ ਮੁਕਤ ਹੋ ਜਾਂਦੇ ਹਨ। ਅਜਿਹੀ ਨਿਡਰ ਆਤਮਾ ਯੋਧਾ ਬਣ ਕੇ ਕ੍ਰਾਂਤੀ ਮਚਾ ਦਿੰਦੀ ਹੈ॥੩॥੨॥

## ਸ਼ਬਦ = 35

*ਰਾਗੁ ਕੇਦਾਰਾ ਬਾਣੀ ਰਵਿਦਾਸ ਜੀਉ ਕੀ*

*ੴ ਸਤਿਗੁਰ ਪ੍ਰਸਾਦਿ॥*

**ਖਟੁ ਕਰਮ ਕੁਲ ਸੰਜੁਗਤੁ ਹੈ**
**ਹਰਿ ਭਗਤਿ ਹਿਰਦੈ ਨਾਹਿ॥**

ਜੇ ਕੋਈ ਉੱਚੀ ਕੁੱਲ ਵਾਲਾ ਬ੍ਰਾਹਮਣ ਛੇ ਕਰਮ ਕਰੇ ਪਰ ਉਸ ਦੇ ਹਿਰਦੇ ਵਿਚ ਪ੍ਰਭ-ਪ੍ਰੇਮ ਨਹੀਂ ਹੈ।

**ਚਰਨਾਰਬਿੰਦ ਨ ਕਥਾ ਭਾਵੈ**
**ਸੁਪਚ ਤੁਲਿ ਸਮਾਨਿ॥੧॥**

ਅਤੇ ਨਾ ਹੀ ਉਸ ਨੂੰ ਪ੍ਰਭ ਦੀ ਕਥਾ ਭਾਉਂਦੀ ਹੈ ਤਾਂ ਉਹ ਚੰਡਾਲ ਭੈੜੇ ਮਨੁੱਖ ਸਮਾਨ ਹੈ॥੧॥



**ਰੇ ਚਿਤ ਚੇਤਿ ਚੇਤ ਅਚੇਤ॥**
**ਕਾਹੇ ਨ ਬਾਲਮੀਕਹਿ ਦੇਖ॥**

ਹੇ ਮੇਰੇ ਨਿਕੰਮੇ ਮਨ! ਤੂੰ ਜਾਗਦੇ-ਸੌਂਦੇ ਪ੍ਰਭ ਨੂੰ ਚੇਤੇ ਕਰ ਤੂੰ ਮਹਾਂਰਿਸ਼ੀ ਬਾਲਮੀਕ ਜੀ ਵੱਲ ਕਿਉਂ ਨਹੀਂ ਦੇਖਦਾ?

**ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ**
**ਰਾਮ ਭਗਤਿ ਬਿਸੇਖ॥੧॥ ਰਹਾਉ॥**

ਮਹਾਂਰਿਸ਼ੀ ਬਾਲਮੀਕ ਜੀ ਅਖੌਤੀ ਨੀਵੀਂ ਕੁੱਲ ਵਿਚ ਹੁੰਦਿਆਂ ਪ੍ਰਭ-ਭਗਤੀ ਕਰਕੇ ਅਮਰ ਪਦ ਨੂੰ ਪ੍ਰਾਪਤ ਹੋਏ॥੧॥ ਰਹਾਉ॥

**ਸੁਆਨ ਸਤ੍ਰੁ ਅਜਾਤੁ ਸਭ ਤੇ ਕ੍ਰਿਸ ਲਾਵੈ ਹੇਤੁ॥**
**ਲੋਗੁ ਬਪੁਰਾ ਕਿਆ ਸਰਾਹੈ**
**ਤੀਨਿ ਲੋਕ ਪ੍ਰਵੇਸ॥੨॥**

ਨੀਚ ਕਿਹਾ ਜਾਣ ਵਾਲਾ ਸੁਆਨ ਸਤ੍ਰ, ਕ੍ਰਿਸਨ ਨਾਲ ਭਾਵ ਪ੍ਰਭ ਨਾਲ ਪਿਆਰ ਲਗਾਉਂਦਾ ਸੀ - ਲੋਕੀਂ ਉਸ ਦੀ ਕੀ ਸਲਾਹੁਤਾ ਕਰ ਸਕਦੇ ਸਨ। ਉਸ ਦੀ ਵਡਿਆਈ ਤਾਂ ਤਿੰਨਾਂ ਲੋਕਾਂ ਵਿਚ ਹੋ ਰਹੀ ਹੈ॥੨॥

**ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ**
**ਗਏ ਹਰਿ ਕੈ ਪਾਸਿ॥**

ਬੁਰੀ ਮੱਤ ਵਾਲੇ ਅਜਾਮਲ (ਪਾਪੀ), ਪਿੰਗਲਾ (ਵੇਸਵਾ), ਲੁਭਤ (ਸ਼ਿਕਾਰੀ), ਕੁੰਚਰ (ਗਜਰਾਜ ਹਾਥੀ) ਆਦਿ ਪ੍ਰਭੂ ਸਿਮਰਨ ਦੁਆਰਾ ਮੁਕਤ ਹੋ ਗਏ।

**ਐਸੇ ਦੁਰਮਤਿ ਨਿਸਤਰੇ**
**ਤੂ ਕਿਉ ਨ ਤਰਹਿ ਰਵਿਦਾਸ ॥੩॥੧॥**

**(ਪੰਨਾ 1124)**

ਹੇ (ਗੁਰੂ) ਰਵਿਦਾਸ, ਜੇਕਰ ਅਜਿਹੇ ਭੈੜੀ ਮੱਤ ਵਾਲੇ ਗਿਆਨ ਪ੍ਰਾਪਤ ਕਰਕੇ ਪ੍ਰਭ ਸਿਮਰਨ ਨਾਲ ਸੰਸਾਰ ਸਾਗਰ ਤੋਂ ਪਾਰ ਹੋ ਜਾਂਦੇ ਹਨ ਤਾਂ ਤੂੰ ਕਿਉਂ ਨਹੀਂ ਤਰ ਸਕੇਂਗਾ? ॥੩॥੧॥

## ਸ਼ਬਦ = 36

*ਭੈਰਉ ਬਾਣੀ ਰਵਿਦਾਸ ਜੀਉ ਕੀ ਘਰ ੨*

*ੴ ਸਤਿਗੁਰ ਪ੍ਰਸਾਦਿ ॥*

**ਬਿਨੁ ਦੇਖੇ ਉਪਜੈ ਨਹੀ ਆਸਾ ॥**
**ਜੋ ਦੀਸੈ ਸੋ ਹੋਇ ਬਿਨਾਸਾ ॥**

ਪ੍ਰਭ ਦਿੱਸਦਾ ਨਹੀਂ, ਇਸ ਕਰਕੇ ਉਸ ਨੂੰ ਪ੍ਰਾਪਤ ਕਰਨ ਦੀ ਆਸ਼ਾ ਨਹੀਂ ਬੱਝਦੀ ਅਸਲੀਅਤ ਇਹ ਵੀ ਹੈ ਕਿ ਦਿੱਸਣ ਵਾਲੀ ਹਰ ਸ਼ੈਅ ਨਾਸ਼ਵਾਨ ਹੈ।



**ਬਰਨ ਸਹਿਤ ਜੋ ਜਾਪੈ ਨਾਮੁ ॥**
**ਸੋ ਜੋਗੀ ਕੇਵਲ ਨਿਹਕਾਮੁ ॥੧॥**

ਪ੍ਰੰਤੂ ਪ੍ਰਭ ਅਵਿਨਾਸ਼ੀ ਹੈ, ਜੋ ਮਨੁੱਖ ਸ੍ਰਿਸ਼ਟੀ ਦੇ ਨਿਯਮਾਂ ਦੇ ਸਮੁੱਚੇ ਗਿਆਨ ਨਾਲ ਪ੍ਰਭ ਨੂੰ ਜਪਦਾ ਹੈ, ਉਹੀ ਜੋਗੀ (ਭਗਤ) ਨਿਰਸਵਾਰਥ ਹੁੰਦਾ ਹੈ॥੧॥

**ਪਰਚੈ ਰਾਮੁ ਰਵੈ ਜਉ ਕੋਈ ॥**
**ਪਾਰਸੁ ਪਰਸੈ ਦੁਬਿਧਾ ਨ ਹੋਈ ॥੧॥ ਰਹਾਉ ॥**

ਜਦ ਸਾਧਕ ਪ੍ਰਭ ਨੂੰ ਸਿਮਰਦਾ ਹੈ ਤਾਂ ਜਿਵੇਂ ਲੋਹਾ ਪਾਰਸ ਨਾਲ ਛੂੰਹਦਿਆਂ ਹੀ ਸੋਨਾ ਬਣ ਜਾਂਦਾ ਹੈ, ਉਸੇ ਤਰ੍ਹਾਂ ਸਾਧਕ ਪ੍ਰਭ ਦੀ ਛੋਹ ਪ੍ਰਾਪਤ ਕਰਦਿਆਂ ਦੁੱਖਾਂ, ਇੱਛਾਵਾਂ, ਵਿਕਾਰਾਂ ਤੋਂ ਰਹਿਤ ਪ੍ਰਭ ਰੂਪ ਹੀ ਹੋ ਜਾਂਦਾ ਹੈ॥੧॥ ਰਹਾਉ॥

**ਸੋ ਮੁਨਿ ਮਨ ਕੀ ਦੁਬਿਧਾ ਖਾਇ ॥**
**ਬਿਨੁ ਦੁਆਰੇ ਤ੍ਰੈ ਲੋਕ ਸਮਾਇ ॥**

ਉਹੀ ਮੁਨੀ ਹੈ ਜੋ ਮਨ ਦੇ ਦੁੱਖਾਂ ਨੂੰ ਮਿਟਾ ਕੇ ਇੱਛਾਵਾਂ ਨੂੰ ਕਾਬੂ ਕਰ ਲੈਂਦਾ ਹੈ ਅਤੇ ਸ੍ਰਿਸ਼ਟੀ ਵਿਚ ਵਿਆਪਕ ਪ੍ਰਭ ਨਾਲ ਇਕਮਿਕ ਹੋ ਜਾਂਦਾ ਹੈ।

**ਮਨ ਕਾ ਸੁਭਾਉ ਸਭੁ ਕੋਈ ਕਰੈ ॥**
**ਕਰਤਾ ਹੋਇ ਸੁ ਅਨਭੈ ਰਹੈ ॥੨॥**

ਦੁਨੀਆ ਮਨ ਦੇ ਵਿਕਾਰਾਂ, ਇੱਛਾਵਾਂ ਪਿੱਛੇ ਦੁਖੀ ਹੋਈ ਤੜਫ਼ ਰਹੀ ਹੈ, ਪਰ ਜੋ ਪ੍ਰਭ ਨੂੰ ਸਿਮਰਦਾ ਹੈ, ਪ੍ਰਤੱਖ ਗਿਆਨ ਪ੍ਰਾਪਤ ਕਰਕੇ ਉਹ ਉਸ ਦਾ ਹੀ ਰੂਪ ਹੋ ਜਾਂਦਾ ਹੈ ॥੨॥

**ਫਲ ਕਾਰਨ ਫੂਲੀ ਬਨਰਾਇ ॥**
**ਫਲੁ ਲਾਗਾ ਤਬ ਫੂਲੁ ਬਿਲਾਇ ॥**

ਫਲ ਦੀ ਪ੍ਰਾਪਤੀ ਕਾਰਨ ਪਹਿਲਾਂ ਫੁੱਲ ਖਿੜਦੇ ਹਨ ਜਦ ਫਲ ਲੱਗ ਜਾਂਦਾ ਹੈ ਤਾਂ ਫੁੱਲ ਝੜ ਜਾਂਦੇ ਹਨ।

**ਗਿਆਨੈ ਕਾਰਨ ਕਰਮ ਅਭਿਆਸੁ ॥**
**ਗਿਆਨੁ ਭਇਆ ਤਹ ਕਰਮਹ ਨਾਸੁ ॥੩॥**

ਇਸੇ ਤਰ੍ਹਾਂ ਸਾਧਕ ਇੱਛਾਵਾਂ, ਵਿਕਾਰਾਂ ਦਾ ਨਾਸ਼ ਕਰਨ ਲਈ ਗਿਆਨ ਦਾ ਅਭਿਆਸ ਕਰਦਾ ਹੈ। ਜਦੋਂ ਪ੍ਰਤੱਖ ਗਿਆਨ ਪ੍ਰਾਪਤ ਹੋ ਜਾਂਦਾ ਹੈ ਤਾਂ ਵਿਕਾਰਾਂ ਤੇ ਇੱਛਾਵਾਂ ਦਾ ਨਾਸ਼ ਹੋ ਜਾਂਦਾ ਹੈ ॥੩॥

**ਘ੍ਰਿਤ ਕਾਰਨ ਦਧਿ ਮਥੈ ਸਇਆਨ ॥**
**ਜੀਵਤ ਮੁਕਤ ਸਦਾ ਨਿਰਬਾਨ ॥**



ਇਸ ਤਰ੍ਹਾਂ ਸਿਆਣੀ ਇਸਤਰੀ ਘਿਓ ਦੀ ਪ੍ਰਾਪਤੀ ਲਈ ਦਹੀਂ ਨੂੰ ਰਿੜਕਦੀ ਹੈ ਜਦ ਘਿਉ ਬਣ ਜਾਂਦਾ ਹੈ ਤਾਂ ਰਿੜਕਣਾ ਬੰਦ ਕਰ ਦਿੰਦੀ ਹੈ। ਅਭਿਆਸ ਪਿੱਛੋਂ ਸਾਧਕ ਵਿਕਾਰਾਂ ਤੇ ਇੱਛਾਵਾਂ 'ਤੇ ਕਾਬੂ ਪਾ ਕੇ ਬ੍ਰਹਮ ਗਿਆਨ ਪ੍ਰਾਪਤ ਕਰਦਾ ਹੈ। ਇਹੀ ਗਿਆਨ ਨਿਰਬਾਣ ਪਦ ਦੀ ਪ੍ਰਾਪਤੀ ਪ੍ਰਦਾਨ ਕਰਦਾ ਹੈ।

**ਕਹਿ ਰਵਿਦਾਸ ਪਰਮ ਬੈਰਾਗ ॥**
**ਰਿਦੈ ਰਾਮੁ ਕੀ ਨ ਜਪਸਿ ਅਭਾਗ ॥੪॥੧॥**

**(ਪੰਨਾ 1167)**

ਇਸ ਕਰਕੇ ਗੁਰੂ ਰਵਿਦਾਸ ਜੀ ਆਪਣੇ ਆਪ ਨੂੰ ਕਹਿ ਰਹੇ ਹਨ ਹੇ ਅਭਾਗੇ! ਤੂੰ ਇਸ ਪਰਮ ਵੈਰਾਗ ਦੀ ਪ੍ਰਾਪਤੀ ਲਈ ਪ੍ਰਭ ਦਾ ਸਿਮਰਨ ਕਿਉਂ ਨਹੀਂ ਕਰਦਾ? ॥੪॥੧॥

## ਸ਼ਬਦ = 37

*ਬਸੰਤੁ ਬਾਣੀ ਰਵਿਦਾਸ ਜੀ ਕੀ*

*ੴ ਸਤਿਗੁਰ ਪ੍ਰਸਾਦਿ ॥*

**ਤੁਝਹਿ ਸੁਝੰਤਾ ਕਛੂ ਨਾਹਿ ॥**
**ਪਹਿਰਾਵਾ ਦੇਖੇ ਊਭਿ ਜਾਹਿ ॥**

ਹੇ ਮੇਰੀ ਕਾਇਆ (ਸਰੀਰ)! ਤੈਨੂੰ ਸੁਰਤ ਨਹੀਂ, ਤੂੰ ਅਮੀਰੀ ਠਾਠ-ਬਾਠ ਦੇਖ ਕੇ ਆਕੜੀ ਫਿਰਦੀ ਹੈਂ।

**ਗਰਬਵਤੀ ਕਾ ਨਾਹੀ ਠਾਉ ॥**

**ਤੇਰੀ ਗਰਦਨਿ ਊਪਰਿ ਲਵੈ ਕਾਉ ॥੧॥**

ਤੈਨੂੰ ਪਤਾ ਇੱਥੇ ਹੰਕਾਰੀ ਲਈ ਕੋਈ ਥਾਂ ਨਹੀਂ, ਤੇਰੇ ਸਿਰ 'ਤੇ ਕਾਲ ਚੱਕਰ ਲਾ ਰਿਹਾ ਹੈ॥੧॥

**ਤੂ ਕਾਂਇ ਗਰਬਹਿ ਬਾਵਲੀ॥**

**ਜੈਸੇ ਭਾਦਉ ਖੂੰਬਰਾਜੁ**

**ਤੂ ਤਿਸ ਤੇ ਖਰੀ ਉਤਾਵਲੀ॥੧॥ ਰਹਾਉ॥**

ਹੇ ਕਮਲੀ ਕਾਇਆ! ਤੂੰ ਹੰਕਾਰ ਕਿਉਂ ਕਰਦੀ ਐਂ? ਤੂੰ ਤਾਂ ਭਾਦੋਂ ਮਹੀਨੇ ਵਿਚ ਉੱਘੀ ਹੋਈ ਖੁੰਭ ਦੀ ਨਿਆਂਈ ਛੇਤੀ ਨਾਸ਼ ਹੋਣ ਵਾਲੀ ਹੈਂ॥੧॥ ਰਹਾਉ॥

**ਜੈਸੇ ਕੁਰੰਕ ਨਹੀ ਪਾਇਓ ਭੇਦੁ॥**

**ਤਨਿ ਸੁਗੰਧ ਢੂਢੈ ਪ੍ਰਦੇਸੁ॥**

ਹਿਰਨ ਨੂੰ ਇਸ ਭੇਦ ਬਾਰੇ ਪਤਾ ਨਹੀਂ ਕਿ ਉਹ ਸੁਗੰਧੀ ਉਸ ਦੇ ਸਰੀਰ ਵਿਚੋਂ ਆ ਰਹੀ ਹੈ ਜਿਸ ਨੂੰ ਉਹ ਬਾਹਰ ਭਾਲਦਾ ਫਿਰਦਾ ਹੈ।

**ਅਪ ਤਨ ਕਾ ਜੋ ਕਰੇ ਬੀਚਾਰੁ॥**



**ਤਿਸੁ ਨਹੀ ਜਮਕੰਕਰੁ ਕਰੇ ਖੁਆਰੁ ॥੨॥**

ਜੋ ਮਨੁੱਖ ਇਸ ਗੱਲ ਦਾ ਵਿਚਾਰ ਕਰਦਾ ਹੈ ਕਿ ਪ੍ਰਭ ਉਸ ਨੂੰ ਹਿਰਦੇ ਵਿਚੋਂ ਹੀ ਮਿਲਣਾ ਹੈ, ਉਹ ਜਮਦੂਤਾਂ ਦੀ ਖੁਆਰੀ ਤੋਂ ਬਚ ਜਾਂਦਾ ਹੈ॥੨॥

**ਪੁਤ੍ਰ ਕਲਤ੍ਰ ਕਾ ਕਰਹਿ ਅਹੰਕਾਰੁ॥**

**ਠਾਕੁਰੁ ਲੇਖਾ ਮਗਨਹਾਰੁ॥**

ਤੂੰ ਆਪਣੇ ਪੁੱਤਰ ਤੇ ਪਤਨੀ ਦਾ ਹੰਕਾਰ ਕਰਦਾ ਪ੍ਰਭ ਨੂੰ ਭੁੱਲੀਂ ਬੈਠਾ ਹੈਂ ਪ੍ਰੰਤੂ ਪ੍ਰਭ ਨੇ ਤਾਂ ਕੀਤੇ ਕਰਮਾਂ ਦਾ ਲੇਖਾ ਮੰਗਣਾ ਹੀ ਹੈ।

**ਫੇੜੇ ਕਾ ਦੁਖੁ ਸਹੈ ਜੀਉ॥**

**ਪਾਛੇ ਕਿਸਹਿ ਪੁਕਾਰਹਿ ਪੀਉ ਪੀਉ ॥੩॥**

ਮਰਨ ਉਪਰੰਤ ਸਕੇ ਸਬੰਧੀਆਂ ਨੇ ਨਾਲ ਨਹੀਂ ਜਾਣਾ ਫਿਰ ਕਿਸ ਨੂੰ ਪਿਆਰਾ-ਪਿਆਰਾ ਕਹਿ ਕੇ ਪੁਕਾਰੇਗਾ॥੩॥

**ਸਾਧੂ ਕੀ ਜਉ ਲੇਹਿ ਓਟ॥**

**ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ॥**

ਜੋ ਮਨੁੱਖ (ਸੱਚੇ) ਸਾਧੂ ਜੋ ਪ੍ਰਮਾਤਮਾ ਨਾਲ ਅਭੇਦ ਹੋਇਆ ਹੋਵੇ ਦੀ ਓਟ ਲੈਂਦਾ ਹੈ, ਉਸ ਦੇ ਸਾਰੇ ਪਾਪ ਮਿਟ ਜਾਂਦੇ ਹਨ।

**ਕਹਿ ਰਵਿਦਾਸ ਜੁੋ ਜਪੈ ਨਾਮੁ ॥**

**ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ ॥੪॥੧॥**

**(ਪੰਨਾ 1196)**

ਗੁਰੂ ਰਵਿਦਾਸ ਜੀ ਕਹਿੰਦੇ ਹਨ ਕਿ ਜੋ ਪਾਰਬ੍ਰਹਮ (ਪ੍ਰਭ) ਦਾ ਸਿਮਰਨ ਕਰਦੇ ਹਨ, ਉਨ੍ਹਾਂ ਦਾ ਵਿਕਾਰੀ ਸੁਭਾਅ ਮਿਟ ਜਾਂਦਾ ਹੈ ਤੇ ਉਨ੍ਹਾਂ ਦੇ ਜਨਮ-ਮਰਨ ਦਾ ਚੱਕਰ ਖਤਮ ਹੋ ਜਾਂਦਾ ਹੈ ਤੇ ਉਹ ਜੂਨਾਂ ਵਿਚ ਨਹੀਂ ਪੈਂਦੇ ॥੪॥੧॥

## ਸ਼ਬਦ = 38

*ਮਲਾਰ ਬਾਣੀ ਭਗਤ ਰਵਿਦਾਸ ਜੀ ਕੀ*

*ੴ ਸਤਿਗੁਰ ਪ੍ਰਸਾਦਿ ॥*

**ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ ॥**

**ਰਿਦੈ ਰਾਮ ਗੋਬਿੰਦ ਗੁਨ ਸਾਰੰ ॥੧॥ ਰਹਾਉ ॥**

ਹੇ ਨਗਰ ਦੇ ਬ੍ਰਾਹਮਣ ਜਨੋ! ਮੇਰੀ ਜਾਤ ਚਮਾਰ ਕਰਕੇ ਪ੍ਰਸਿੱਧ ਹੈ ਜਿਸ ਕਰਕੇ ਮੈਨੂੰ ਤੁਹਾਡੇ ਵੱਲੋਂ ਪ੍ਰਭ ਸਿਮਰਨ ਦਾ ਅਧਿਕਾਰ ਨਹੀਂ। ਪਰ ਮੇਰੇ ਹਿਰਦੇ ਵਿਚ ਪ੍ਰਭ ਦੇ ਗੁਣ ਵਸ ਰਹੇ ਹਨ ॥੧॥ ਰਹਾਉ ॥



**ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ**

**ਸੰਤ ਜਨ ਕਰਤ ਨਹੀ ਪਾਨੰ ॥**

ਜਿਵੇਂ ਸ਼ਰਾਬ ਭਾਵੇਂ ਗੰਗਾ ਜਲ ਤੋਂ ਬਣਾਈ ਜਾਵੇ ਤਾਂ ਵੀ ਸੰਤ ਜਨ ਉਸ ਨੂੰ ਪੀਂਦੇ ਨਹੀਂ। ਉਸੇ ਤਰ੍ਹਾਂ ਬ੍ਰਾਮਣ ਜੇਕਰ ਚੰਗੇ ਗੁਣ ਖੋਹ ਬੈਠਦਾ ਹੈ ਤਾਂ ਉਹ ਭੈੜਾ ਬਣ ਜਾਂਦਾ ਹੈ।

**ਸੁਰਾ ਅਪਵਿਤ੍ਰ ਨਤ ਅਵਰ ਜਲ ਰੇ**

**ਸੁਰਸਰੀ ਮਿਲਤ ਨਹਿ ਹੋਇ ਆਨੰ ॥੧॥**

ਇਸ ਦੇ ਉਲਟ ਜੇਕਰ ਸ਼ਰਾਬ ਗੰਗਾ ਵਿਚ ਮਿਲ ਜਾਏ ਤਾਂ ਉਹ ਸ਼ਰਾਬ ਨਹੀਂ ਰਹਿੰਦੀ। ਸਗੋਂ ਗੰਗਾ ਜਲ ਹੀ ਬਣ ਜਾਂਦੀ ਹੈ ਭਾਵ ਜੇਕਰ ਕੋਈ ਚਮਾਰ ਪ੍ਰਭ ਦੇ ਗੁਣ ਪ੍ਰਾਪਤ ਕਰ ਲੈਂਦਾ ਹੈ ਤਾਂ ਉਹ ਪ੍ਰਭ ਦਾ ਹੀ ਰੂਪ ਬਣ ਜਾਂਦਾ ਹੈ ॥੧॥

**ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ**

**ਜੈਸੇ ਕਾਗਰਾ ਕਰਤ ਬੀਚਾਰੰ ॥**

ਤਾੜ ਦੇ ਰੁੱਖ ਤੋਂ ਸ਼ਰਾਬ ਬਣਨ ਕਰਕੇ ਉਸ ਨੂੰ ਅਤੇ ਉਸ ਤੋਂ ਬਣੇ ਕਾਗ਼ਜ਼ ਨੂੰ ਅਪਵਿੱਤਰ ਮੰਨਿਆ ਜਾਂਦਾ ਹੈ।

**ਭਗਤਿ ਭਾਗਉਤੁ ਲਿਖੀਐ ਤਿਹ ਊਪਰੇ**

**ਪੂਜੀਐ ਕਰਿ ਨਮਸਕਾਰੰ ॥੨॥**

ਪਰ ਜਦੋਂ ਉਸ ਕਾਗ਼ਜ਼ ਉੱਤੇ ਪ੍ਰਭ ਦੀ ਭਗਤੀ, ਉਪਮਾ ਲਿਖ ਦਿੱਤੀ ਜਾਂਦੀ ਹੈ ਤਾਂ ਉਸ ਨੂੰ ਨਮਸਕਾਰਾਂ ਕਰਕੇ ਪੂਜਿਆ ਜਾਂਦਾ ਹੈ॥੨॥

**ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ**
**ਨਿਤਹਿ ਬਾਨਾਰਸੀ ਆਸ ਪਾਸਾ॥**

ਹਿੰਦੂ ਧਰਮ ਅਨੁਸਾਰ ਮੇਰੀ ਜਾਤ ਚਮੜੇ ਨੂੰ ਕੱਟਣਾ, ਛਿੱਲਣਾ ਤੇ ਮਰੇ ਪਸ਼ੂ ਬਨਾਰਸ ਦੇ ਆਸ-ਪਾਸ ਰੋਜ਼ਾਨਾ ਢੋਹਣਾ ਹੈ।

**ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ**
**ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥੩॥੧॥**

**(ਪੰਨਾ 1293)**

ਪਰ ਫਿਰ ਵੀ ਮੈਨੂੰ ਪ੍ਰਭ ਦੇ ਦਾਸਾਂ ਦੇ ਦਾਸ ਰਵਿਦਾਸ ਨੂੰ ਆਪਣੇ ਧਰਮ-ਕਰਮ ਵਿਚ ਪ੍ਰਪੱਕ ਬ੍ਰਾਹਮਣਾਂ ਦੇ ਆਗੂ ਧਰਤੀ 'ਤੇ ਡੰਡੇ ਵਾਂਗ ਲੇਟ ਕੇ ਪ੍ਰਣਾਮ ਕਰਦੇ ਹਨ॥੩॥੧॥

## ਸ਼ਬਦ = 39

*ਮਲਾਰ॥*

**ਹਰਿ ਜਪਤ ਤੇਊ ਜਨਾ ਪਦਮ ਕਵਲਾਸ ਪਤਿ**
**ਤਾਸ ਸਮ ਤੁਲਿ ਨਹੀ ਆਨ ਕੋਊ॥**



ਜਿਹੜਾ ਸਾਧਕ ਪ੍ਰਭ ਦਾ ਸਿਮਰਨ ਕਰਦਾ ਹੈ, ਉਸ ਦੇ ਬਰਾਬਰ ਨਾ ਤਾਂ ਪਦਮਾਪਤੀ ਭਾਵ ਵਿਸ਼ਨੂੰ, ਨਾ ਕਵਲਾਪਤੀ ਭਾਵ ਸ਼ਿਵ ਅਤੇ ਆਨ ਕੋਊ ਭਾਵ ਬ੍ਰਹਮਾ ਵੀ ਨਹੀਂ ਹੈ।

**ਏਕ ਹੀ ਏਕ ਅਨੇਕ ਹੋਇ ਬਿਸਥਰਿਓ**
**ਆਨ ਰੇ ਆਨ ਭਰਪੂਰਿ ਸੋਊ॥ ਰਹਾਉ॥**

ਪਾਰਬ੍ਰਹਮ ਕੇਵਲ ਤੇ ਕੇਵਲ ਇਕ ਹੈ ਅਤੇ ਉਹ ਅਨੇਕਾਂ ਰੂਪ ਧਾਰ ਕੇ ਸ੍ਰਿਸ਼ਟੀ ਦੇ ਕਣ-ਕਣ ਵਿਚ ਵਸ ਰਿਹਾ ਹੈ॥੧॥

**ਜਾ ਕੈ ਭਾਗਵਤੁ ਲੇਖੀਐ ਅਵਰੁ ਨਹੀ ਪੇਖੀਐ**
**ਤਾਸ ਕੀ ਜਾਤਿ ਆਛੋਪ ਛੀਪਾ॥**

(ਗੁਰੂ) ਨਾਮਦੇਵ ਜੀ ਛੀਂਬਾ ਜਾਤ ਨਾਲ ਸੰਬੰਧਿਤ ਸਨ। ਉਨ੍ਹਾਂ ਨੇ ਇਕ ਪ੍ਰਭ ਦੀ ਸਿਫ਼ਤ-ਸਲਾਹ ਲਿਖੀ, ਕਿਸੇ ਹੋਰ ਦੀ ਪੂਜਾ ਨਹੀਂ ਕੀਤੀ।

**ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ**
**ਨਾਮ ਕੀ ਨਾਮਨਾ ਸਪਤ ਦੀਪਾ॥੧॥**

ਵੇਦਾਂ ਦਾ ਗਿਆਤਾ ਮਹਾਂਰਿਸ਼ੀ ਵਿਆਸ ਸ਼ੂਦਰ ਸੀ ਅਤੇ ਸਨਕ ਜਿਸ ਦਾ ਗੁਰੂ ਸ਼ੂਦਰ ਸੀ, ਦੇ ਗ੍ਰੰਥਾਂ ਵਿਚ

ਦਰਜ ਹੈ ਕਿ ਨਾਮ ਦੇ ਸਿਮਰਨ ਦੀ ਮਹਿਮਾਂ ਸੰਸਾਰ ਵਿਚ ਪ੍ਰਸਿੱਧ ਹੈ॥੨॥ ਰਹਾਉ॥

**ਜਾ ਕੈ ਈਦਿ ਬਕਰੀਦਿ ਕੁਲ ਗਊ ਰੇ ਬਧੁ ਕਰਹਿ ਮਾਨੀਅਹਿ ਸੇਖ ਸਹੀਦ ਪੀਰਾ॥**

ਜਿਸ (ਗੁਰੂ) ਕਬੀਰ ਦੇ ਵਡੇਰੇ ਈਦ ਅਤੇ ਬਕਰੀਦ ਵਾਲੇ ਦਿਨ ਗਾਵਾਂ ਦੀਆਂ ਬਲੀਆਂ ਦਿੰਦੇ ਸਨ ਅਤੇ ਸ਼ੇਖਾਂ, ਸ਼ਹੀਦਾਂ ਅਤੇ ਪੀਰਾਂ ਦੀ ਮਾਨਤਾ ਕਰਦੇ ਸਨ।

**ਜਾ ਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ ਤਿਹੂ ਰੇ ਲੋਕ ਪਰਸਿਧ ਕਬੀਰਾ॥੨॥**

ਉਸ (ਗੁਰੂ) ਕਬੀਰ ਦੇ ਬਾਪ ਨੇ ਵੀ ਉਸੇ ਤਰ੍ਹਾਂ ਹੀ ਕੀਤੀ ਪ੍ਰੰਤੂ ਉਨ੍ਹਾਂ ਦੇ ਪੁੱਤਰ (ਗੁਰੂ) ਕਬੀਰ ਤੋਂ ਇਹੋ ਜਿਹੀ ਹੀ ਸਰ ਸਕੀ (ਭਾਵ ਉਨ੍ਹਾਂ ਨੇ ਕੇਵਲ ਪ੍ਰਭ ਦਾ ਸਿਮਰਨ ਹੀ ਕੀਤਾ, ਇਹ ਕਰਮਕਾਂਡ ਨਹੀਂ ਕੀਤੇ) ਇਸ ਨਾਮ ਸਿਮਰਨ ਕਰਕੇ ਉਹ ਦੁਨੀਆ ਵਿਚ ਪ੍ਰਸਿੱਧ ਹੋਏ॥੨॥

**ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ ਅਜਹੁ ਬੰਨਾਰਸੀ ਆਸ ਪਾਸਾ॥**

ਜਿਸ ਦੀ ਕੁੱਲ ਦੇ ਲੋਕ ਅੱਜ ਤੱਕ ਬਨਾਰਸ ਦੇ ਆਲੇ-ਦੁਆਲੇ ਮਰੇ ਪਸ਼ੂ ਢੋਂਹਦੇ ਫਿਰਦੇ ਸਨ।



**ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ ਤਿਨ ਤਨੈ ਰਵਿਦਾਸ ਦਾਸਾਨ ਦਾਸਾ॥੩॥੨॥**

(ਪੰਨਾ 1293)

ਹੇ ਪ੍ਰਭ! ਤੇਰੇ ਸਿਮਰਨ ਦੇ ਸਦਕਾ ਉਸ ਕੁਟੰਬ ਵਿਚੋਂ ਤੇਰੇ ਦਾਸਾਂ ਦੇ ਦਾਸ ਰਵਿਦਾਸ ਨੂੰ ਬ੍ਰਾਹਮਣ ਧਰਤੀ 'ਤੇ ਡੰਡੇ ਵਾਂਗ ਲੰਮੇ ਪੈ-ਪੈ ਕੇ ਨਮਸਕਾਰਾਂ ਕਰਦੇ ਹਨ॥੩॥੨॥

## ਸ਼ਬਦ = 40

*ਮਲਾਰ ੧ੴ ਸਤਿਗੁਰ ਪ੍ਰਸਾਦਿ॥*

**ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ॥ ਸਾਧਸੰਗਤਿ ਪਾਈ ਪਰਮ ਗਤੇ॥ ਰਹਾਉ॥**

ਗੁਰੂ ਜੀ ਦੇ ਪਾਵਨ ਬਚਨ ਹਨ ਕਿ ਪ੍ਰਭ ਕਿਹੜੀ ਭਗਤੀ ਨਾਲ ਮਿਲਦਾ ਹੈ? ਫਿਰ ਆਪਣੀ ਪਰਖ ਵਿਧੀ ਦਾ ਨਿਚੋੜ ਦੱਸਦੇ ਹਨ ਕਿ ਮੈਨੂੰ ਤਾਂ ਸਾਧ-ਸੰਗਤ ਵਿਚ ਵਿਚਰਨ ਨਾਲ ਪ੍ਰਭ ਪ੍ਰਾਪਤੀ ਹੋਈ ਹੈ॥ ਰਹਾਉ॥

**ਮੈਲੇ ਕਪਰੇ ਕਹਾ ਲਉ ਧੋਵਉ॥ ਆਵੈਗੀ ਨੀਦ ਕਹਾ ਲਗੁ ਸੋਵਉ॥੧॥**

ਸਾਧ ਸੰਗਤ ਤੋਂ ਬਿਨਾਂ ਮੇਰਾ ਮੈਲਾ ਅੰਤਹਿਕਰਣ

ਪਵਿੱਤਰ ਕਿਵੇਂ ਹੁੰਦਾ? ਕਦੋਂ ਤੱਕ ਮੈਂ ਅਗਿਆਨਤਾ ਵੱਸ ਸੁੱਤਾ ਰਹਿੰਦਾ॥੧॥

**ਜੋਈ ਜੋਈ ਜੋਰਿਓ ਸੋਈ ਸੋਈ ਫਾਟਿਓ॥**
**ਝੂਠੇ ਬਨਜਿ ਉਠਿ ਹੀ ਗਈ ਹਾਟਿਓ॥੨॥**

ਵਿਕਾਰਾਂ ਵਿਚ ਪੈ ਕੇ ਮੈਂ ਜੋ ਪਾਪ ਜੋੜੇ ਸਨ, ਸਾਧ ਸੰਗਤ ਵਿਚ ਜਾ ਕੇ ਮੁਕਾ ਸੁੱਟੇ ਹਨ। ਜਿਸ ਹਿਰਦੇ ਵਿਚ ਪਾਪਾਂ ਦੀ ਹੱਟੀ ਪਾਈ ਸੀ, ਉਸ ਦਾ ਹੁਣ ਸਫਾਇਆ ਹੋ ਗਿਆ ਹੈ॥੨॥

**ਕਹੁ ਰਵਿਦਾਸ ਭਇਓ ਜਬ ਲੇਖੋ॥**
**ਜੋਈ ਜੋਈ ਕੀਨੋ**
**ਸੋਈ ਸੋਈ ਦੇਖਿਓ॥੩॥੧॥੩॥(ਪੰਨਾ 1293)**

ਗੁਰੂ ਰਵਿਦਾਸ ਜੀ ਫ਼ੁਰਮਾਉਂਦੇ ਹਨ ਕਿ ਪ੍ਰਭ ਪ੍ਰਾਪਤੀ ਪਿੱਛੋਂ ਜਦ ਪਹਿਲਾਂ ਕੀਤੇ ਕਰਮਾਂ ਦੀ ਪੜਚੋਲ ਹੋਈ ਤਾਂ ਜੋ-ਜੋ ਮੈਂ ਕੀਤਾ ਸੀ, ਪ੍ਰਤੱਖ ਦਿੱਸ ਪਿਆ॥੩॥੩॥



## ਸਲੋਕ

**ਹਰਿ ਸੋ ਹੀਰਾ ਛਾਡਿ ਕੈ**
**ਕਰਹਿ ਆਨ ਕੀ ਆਸ॥**
**ਤੇ ਨਰ ਦੋਜਕ ਜਾਹਿਗੇ**
**ਸਤਿ ਭਾਖੈ ਰਵਿਦਾਸ॥੨੪੨॥**

**(ਪੰਨਾ 1377)**

**ਸਲੋਕ**

ਆਪਣੇ ਅਸਲੇ ਪਾਰਬ੍ਰਹਮ ਪ੍ਰਭ ਨੂੰ ਛੱਡ ਕੇ ਜੋ ਮਨੁੱਖ ਕਿਸੇ ਹੋਰ (ਦੇਵੀ-ਦੇਵਤਿਆਂ ਆਦਿ) ਤੋਂ ਮੁਕਤੀ ਦੀ ਆਸ ਰੱਖਦਾ ਹੈ, ਗੁਰੂ ਰਵਿਦਾਸ ਜੀ ਅਟੱਲ ਸੱਚਾਈ ਬਿਆਨ ਕਰਦੇ ਹਨ ਕਿ ਅਜਿਹੇ ਜੀਵ ਨਰਕਾਂ ਨੂੰ ਜਾਣਗੇ ਭਾਵ ਮੁਕਤ ਨਹੀਂ ਹੋਣਗੇ॥੨੪੨॥

**— ਸੰਪੂਰਨ —**

## ਸੰਸਥਾ ਦੀਆਂ ਗਤੀਵਿਧੀਆਂ

* ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਦੇ ਗੁਟਕਾ ਸਾਹਿਬ, ਸਟੀਕ ਅਤੇ ਹੋਰ ਲਿਟਰੇਚਰ ਛਾਪ ਕੇ ਸੰਗਤਾਂ ਤੱਕ ਪਹੁੰਚਾਇਆ ਜਾਂਦਾ ਹੈ।
* ਸਾਲਾਨਾ ਟ੍ਰੈਕਟ (ਪੰਫਲਿਟ) 8-10 ਹਜ਼ਾਰ ਦੀ ਗਿਣਤੀ ਵਿਚ ਛਾਪ ਕੇ ਮੁਫ਼ਤ ਵੰਡਿਆ ਜਾਂਦਾ ਹੈ।
* ਬੱਚਿਆਂ ਦੀਆਂ ਧਾਰਮਿਕ ਕਲਾਸਾਂ, ਕੇਡਰ ਕੈਂਪ ਅਤੇ ਪ੍ਰਸ਼ਨ-ਉੱਤਰ ਮੁਕਾਬਲੇ ਕਰਵਾਏ ਜਾਂਦੇ ਹਨ।
* ਕੀਰਤਨ ਸਮਾਗਮ ਕੀਤੇ ਜਾਂਦੇ ਹਨ।
* ਮਜੀਠ ਰੰਗ ਦੀਆਂ ਝੰਡੀਆਂ ਅਤੇ ਪਟਕੇ ਜਿਨ੍ਹਾਂ 'ਤੇ 'ਸੋਹੰ' ਜਾਂ 'ਹਰਿ' ਪ੍ਰਿੰਟ ਕੀਤਾ ਹੁੰਦਾ ਹੈ ਕੋਰੀਅਰ ਰਾਹੀਂ ਭੇਜੇ ਜਾਂਦੇ ਹਨ।
* ਪਾਵਨ ਬਾਣੀ ਦੇ ਵਿਆਖਿਆ ਸਹਿਤ ਗੁਟਕਾ ਸਾਹਿਬ ਅਤੇ ਸ੍ਰੀ ਗੁਰੂ ਰਵਿਦਾਸ, ਆਦਿਵਾਸੀ, ਰਹਿਬਰਾਂ ਦੇ ਬੇਗਮਪੁਰ ਦੀ ਵਿਚਾਰਧਾਰਾ ਨੂੰ ਜਾਨਣ ਲਈ visit at www.begumpuramission.com
* ਕੈਲੰਡਰ ਜਿਸ ਵਿਚ ਗੁਰੂ ਸਾਹਿਬਾਨਾਂ ਦੇ ਪ੍ਰਕਾਸ਼ ਦਿਹਾੜੇ, ਨਗਰ ਕੀਰਤਨ ਉਪਲਬੱਧ ਹਨ।
* ਲਿਟਰੇਟਰ, ਪਾਲਕੀ ਸਾਹਿਬ, ਬੱਸ ਅਤੇ ਹੋਰ ਪ੍ਰਚਾਰ ਸਮੱਗਰੀ ਲਈ ਸੰਸਥਾ ਦੇ ਦਿੱਤੇ ਪਤੇ 'ਤੇ ਸੰਪਰਕ ਕਰੋ।

**ਮੋਬਾਇਲ : 98148-39944**